
# ਨਾਵਲ ਦੀ ਪੜ੍ਹਤ
## 'ਗਰਦਸ਼' ਦੇ ਪ੍ਰਸੰਗ ਵਿਚ



**ਡਾ. ਮਹਿਲ ਸਿੰਘ**

ਵਾਈਸ-ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ।
✆ 98722 66667

ਸਾਹਿਤ ਰਚਨਾਵਾਂ ਦੀ ਪੜ੍ਹਤ ਇਕ ਗਤੀਸ਼ੀਲ ਵਰਤਾਰਾ ਹੈ। ਅਕਸਰ ਹੀ ਸਾਹਿਤ ਕ੍ਰਿਤਾਂ ਦੇ ਨਵੇਂ ਤੋਂ ਨਵੇਂ ਅਰਥਾਂ ਦੀ ਢੂੰਡ-ਭਾਲ ਸਦਾ ਜਾਰੀ ਰਹਿੰਦੀ ਹੈ। ਇਹ ਕੋਈ ਬੰਦ ਜਾਂ ਅੰਤਿਮ ਵਰਤਾਰਾ ਨਹੀਂ ਹੈ। ਹਰ ਪਾਠਕ ਜਾਂ ਆਲੋਚਕ ਦਾ ਸਾਹਿਤ ਰਚਨਾਵਾਂ ਪ੍ਰਤੀ ਅਰਥਾਂ ਦਾ ਆਪੋ-ਆਪਣਾ ਜੋਤਿਸ਼ ਹੁੰਦਾ ਹੈ। ਹਰੇਕ ਦੀ ਆਪਣੀ ਸੀਮਾ ਤੇ ਸੰਭਾਵਨਾ ਹੈ। ਕਿਸੇ ਰਚਨਾਕਾਰ ਦੀ ਰਚਨਾਤਮਿਕ ਦ੍ਰਿਸ਼ਟੀ ਦੇ ਨਾਲ-ਨਾਲ ਰਚਨਾਵਾਂ ਦੇ ਬਿਰਤਾਂਤਕ ਤੇ ਕਲਾਤਮਿਕ ਰਹੱਸ ਨੂੰ ਜਾਣਨਾ ਹੀ ਸਹੀ ਦਿਸ਼ਾ ਦੀ ਸਾਹਿਤਕ ਪੜ੍ਹਤ ਹੋ ਸਕਦੀ ਹੈ।

ਸਾਹਿਤ ਰਚਨਾਵਾਂ ਦੇ ਦੋ ਤਰ੍ਹਾਂ ਦੇ ਪਾਠਕ ਹਨ। ਇਕ ਧਿਰ ਸਾਹਿਤ ਰਸੀਏ ਆਮ ਪਾਠਕਾਂ ਦੀ ਹੈ ਤੇ ਦੂਜੀ ਸੁਚੇਤ ਪਾਠਕਾਂ ਦੀ। ਆਮ ਪਾਠਕਾਂ ਵਿਚ ਰਚਨਾਵਾਂ ਦੀ ਬਣੀ ਲੋਕ-ਪ੍ਰਿਯਤਾ ਦਾ ਵੀ ਵੱਡਾ ਮਹੱਤਵ ਹੁੰਦਾ ਹੈ। ਅਜਿਹਾ ਪਾਠਕ ਸਾਹਿਤ ਨੂੰ ਕਿਸੇ ਕਿਸਮ ਦੀ ਵਿਸ਼ੇਸ਼ ਸਿੱਖਿਆ ਜਾਂ ਪ੍ਰੇਰਣਾ ਦੇ ਨੁਕਤੇ ਤੋਂ ਮਾਣਦੇ ਹਨ। ਦੂਜੀ ਧਿਰ ਸਾਹਿਤ ਦੇ ਨੇਮਾਂ ਤੋਂ ਜਾਣੂ ਸੁਚੇਤ ਤੇ ਅਕਾਦਮਿਕ ਪਾਠਕਾਂ ਦੀ ਹੈ। ਅਜਿਹੇ ਪਾਠਕ ਸਾਹਿਤ ਰਚਨਾਵਾਂ ਦੀਆਂ ਅੰਦਰੂਨੀ ਪਰਤਾਂ ਤੇ ਰਮਜ਼ਾਂ ਦੀਆਂ ਸੰਭਾਵਨਾਵਾਂ ਤੇ ਸੀਮਾਵਾਂ ਪ੍ਰਤੀ ਸੰਵਾਦ ਰਚਾਉਂਦੇ ਹਨ। ਅਜਿਹੀ ਧਿਰ ਸਾਹਿਤ ਦੇ ਪਾਰਖੂ ਖੋਜਾਰਥੀਆਂ, ਆਲੋਚਕਾਂ ਤੇ ਵਿਦਵਾਨਾਂ ਦੀ ਹੈ। ਇਨ੍ਹਾਂ ਦੋਵੇਂ ਤਰ੍ਹਾਂ ਦੇ ਪਾਠਕਾਂ ਵਿਚ ਮਾਨਤਾ ਪ੍ਰਾਪਤ ਰਚਨਾਵਾਂ ਹੀ ਸ਼ਾਹਕਾਰਤਾ ਜਾਂ ਕਲਾਸਿਕਤਾ ਦਾ ਰੁਤਬਾ ਹਾਸਿਲ ਕਰਦੀਆਂ ਹਨ।

ਵੀਹਵੀਂ ਸਦੀ ਦੇ ਅੱਠਵੇਂ-ਨੌਂਵੇਂ ਦਹਾਕੇ ਦੌਰਾਨ ਉੱਚ ਅਕਾਦਮਿਕ ਸੰਸਥਾਵਾਂ ਕੁਝ ਵਿਸ਼ੇਸ਼ ਆਲੋਚਨਾ ਪ੍ਰਣਾਲੀਆਂ ਦਾ ਆਰੰਭ ਹੁੰਦਾ ਹੈ। ਇਕ ਪਾਸੇ 'ਰੂਪਵਾਦੀ' ਤੇ 'ਸੰਰਚਨਾਵਾਦੀ ਪ੍ਰਣਾਲੀਆਂ' ਸਨ। ਇਹ ਮੁੱਖ ਤੌਰ 'ਤੇ 'ਕਲਾ-ਕਲਾ ਲਈ' ਦੇ ਸਿਧਾਂਤ ਤੋਂ ਪ੍ਰੇਰਿਤ ਹਨ। ਦੂਜੇ ਪਾਸੇ ਮਾਰਕਸਵਾਦ ਤੋਂ ਪ੍ਰਭਾਵਿਤ ਪ੍ਰਗਤੀਵਾਦੀ ਸੂਤਰਾਂ ਵਾਲੀ ਆਲੋਚਨਾ-ਦ੍ਰਿਸ਼ਟੀ ਹੈ। ਇਹ ਦ੍ਰਿਸ਼ਟੀ 'ਕਲਾ-ਜੀਵਨ ਲਈ' ਦੇ ਵਿਚਾਰਧਾਰਾਈ ਸਿਧਾਂਤ ਤੋਂ ਪ੍ਰਭਾਵਿਤ ਹੈ। ਇਨ੍ਹਾਂ ਤਹਿਤ ਅਸੀਂ ਸਾਹਿਤ ਰਚਨਾਵਾਂ ਨੂੰ ਅਕਸਰ ਹੀ ਕਿਸੇ ਇਕ ਜਾਂ ਬਿਲਕੁਲ ਦੂਜੇ ਪਹਿਲੂ ਤੋਂ ਜਾਣਨ ਵੱਲ ਰੁਚਿਤ ਰਹੇ ਹਾਂ। ਇਨ੍ਹਾਂ ਸਾਹਿਤ-ਦ੍ਰਿਸ਼ਟੀਆਂ ਨਾਲ ਸੰਬੰਧਿਤ ਪੈਰੋਕਾਰਾਂ ਦੇ ਆਪੋ-ਆਪਣੇ ਪੱਕੇ ਮੋਰਚੇ 'ਤੇ ਗਰੁੱਪ ਰਹੇ ਹਨ। ਇਕ ਮੋਰਚਾ ਜਾਂ ਪੈਂਤੜਾ ਰਚਨਾਵਾਂ ਦੇ ਰੂਪ ਉੱਤੇ ਕੇਂਦਰਿਤ ਰਿਹਾ ਹੈ ਤੇ ਦੂਜਾ ਵਿਸ਼ੇ ਉੱਤੇ। ਇਨ੍ਹਾਂ ਵਿਚ ਸਾਂਝ ਬਣਾਉਣ ਦੇ ਵੀ ਕੁਝ ਵਿਕੋਲਿਤਰੇ ਯਤਨ ਹੋਏ ਹਨ। ਇਸ ਦੀ ਪ੍ਰਤੀਨਿਧ ਮਿਸਾਲ ਡਾ. ਜੋਗਿੰਦਰ ਸਿੰਘ ਰਾਹੀ ਦੀ ਗਲਪ ਆਲੋਚਨਾ ਹੈ। ਡਾ. ਰਾਹੀ ਦੀ ਆਲੋਚਨਾ ਨਾਲ ਨਾਵਲ ਅਤੇ ਕਹਾਣੀ ਦੀ ਕਲਾਤਮਿਕਤਾ ਤੇ ਅਰਥਾਂ ਨੂੰ ਸਮਝਣ ਦੇ ਨੀਤੀਗਤ ਯਤਨ ਆਰੰਭ ਹੁੰਦੇ ਹਨ। ਇਸ ਨਾਲ ਰਚਨਾਵਾਂ ਦੇ 'ਰੂਪ ਤੇ ਪ੍ਰਕਾਰਜ' ਨੂੰ ਸਮਝਣ ਵਾਲੀ ਨਵੀਂ ਗਲਪ-ਸ਼ਾਸਤਰੀ ਦੀ ਲੀਹ ਤੁਰਦੀ ਹੈ। ਡਾ. ਰਾਹੀ ਦਾ ਆਪਣਾ ਤੇ ਹੋਰਨਾਂ ਨੂੰ ਕਰਵਾਇਆ ਖੋਜ-ਕਾਰਜ ਅਜਿਹੇ ਦੁਵੱਲੇ ਪੱਖਾਂ ਨੂੰ ਸਮਝਣ ਸੰਬੰਧੀ ਵੱਡਾ ਮਹੱਤਵ ਰੱਖਦਾ ਹੈ। ਪਰ ਅਜਿਹੀ ਗਲਪ-ਸ਼ਾਸਤਰੀ ਆਲੋਚਨਾ ਦੀ ਨਿਰੰਤਰਤਾ ਜਾਂ ਪ੍ਰਵਾਹ ਬਣੇ ਰਹਿਣ ਦੀ ਅੱਗੇ ਥੁੜ ਨਜ਼ਰ ਆਉਂਦੀ ਹੈ। ਇਸ ਦਾ ਅਜੋਕਾ ਪ੍ਰਮਾਣ ਇਹ ਹੈ ਕਿ ਅਸੀਂ ਰਚਨਾਵਾਂ ਨੂੰ ਵਧੇਰੇ ਕਰਕੇ ਵਿਸ਼ੇ ਦੀ ਜਾਣਕਾਰੀ ਤੱਕ ਹੀ ਘਟਾ ਲਿਆ ਹੈ। ਇਸ ਕਰਕੇ ਸਾਹਿਤ ਦੀ ਸਾਹਿਤਕਤਾ ਦਾ ਥਹੁ-ਪਤਾ ਲਾਉਣ ਵਾਲੇ ਨਜ਼ਰੀਏ ਦੀ ਘਾਟ ਮਹਿਸੂਸ ਹੁੰਦੀ ਹੈ। ਇਸ ਰੁਝਾਨ ਦੀ ਇਕ ਸੀਮਾ ਹੋਰ ਵੀ ਹੈ। ਪੰਜਾਬੀ ਸਾਹਿਤ ਆਲੋਚਕਾਂ ਵਿਚ ਵੱਡੀ ਤੇ ਪ੍ਰਭਾਵੀ ਪਰੰਪਰਾ 'ਕਲਾ ਜੀਵਨ ਲਈ' ਦੇ ਮੁੱਦਈਆਂ ਦੀ ਹੈ। ਅਜਿਹੇ ਆਲੋਚਕ ਸਾਹਿਤ ਨੂੰ ਆਰਥਿਕ ਤੇ ਰਾਜਸੀ ਮਸਲਿਆਂ ਦੇ ਪ੍ਰਗਟਾਵੇ ਦਾ ਮਾਧਿਅਮ ਮੰਨਦੇ ਹਨ। ਨਾਲ ਹੀ ਇਹ ਸਾਹਿਤ ਨੂੰ ਸਮਾਜ ਦੀ ਤਬਦੀਲੀ ਦੇ ਸਾਧਨ ਵਜੋਂ ਵੇਖਦੇ ਹਨ। ਇਸ ਕਰਕੇ ਸੁਖਬੀਰ ਵਰਗੇ ਜਿਹੜੇ ਸਾਹਿਤਕਾਰ ਆਪਣੀਆਂ ਰਚਨਾਵਾਂ ਵਿਚ ਆਰਥਿਕ ਨਾਲੋਂ ਹੋਰ ਨਵੇਂ ਜੀਵਨ-ਮੁੱਲਾਂ ਜਾਂ ਭਾਵਾਤਮਿਕ ਸਰੋਕਾਰਾਂ ਨੂੰ ਪਹਿਲ ਦੇਂਦੇ ਸਨ, ਉਨ੍ਹਾਂ ਸਾਹਿਤਕਾਰਾਂ ਪ੍ਰਤੀ ਨਾਂਹ-ਵਾਚਕ ਸੁਰ ਹੀ ਭਾਰੂ ਰਹੀ ਹੈ। ਅਕਸਰ ਹੀ ਅਜਿਹੇ ਸਾਹਿਤ ਨੂੰ ਘੱਟ ਮਹੱਤਤਾ ਵਾਲਾ ਮੰਨਿਆ ਜਾਂਦਾ ਰਿਹਾ ਹੈ। ਇਸ ਦੇ ਸਿੱਟੇ ਵਜੋਂ ਰਚਨਾਵਾਂ ਦੀ ਕਲਾਤਮਿਕਤਾ ਨੂੰ ਸਮਝਣ ਵਾਲਾ ਪੱਖ ਅਣਗੌਲਿਆਂ ਰਿਹਾ ਹੈ। ਪੰਜਾਬੀ ਆਲੋਚਨਾ ਦੇ ਪੁਲਾਂ ਹੇਠੋਂ ਅਜਿਹਾ ਬੇਅੰਤ ਪਾਣੀ ਵਹਿ ਚੁੱਕਾ ਹੈ।

ਇਸ ਕਰਕੇ ਸਾਨੂੰ ਰਚਨਾਵਾਂ ਦੀ ਰਚਨਾਕਾਰੀ ਦੇ ਦੁਵੱਲੇ ਪੱਖਾਂ ਪ੍ਰਤੀ ਇਕ ਸੰਤੁਲਨ ਬਨਾਉਣ ਵੱਲ ਸਾਵਧਾਨੀ ਵਰਤਣੀ ਚਾਹੀਦੀ ਹੈ। ਇਸ ਨਾਲ ਹੀ ਨਵੇਂ ਖੋਜਾਰਥੀਆਂ ਨੂੰ ਸਾਹਿਤ ਦੀ ਸਾਹਿਤਕਤਾ ਦੇ ਮਹੱਤਵ ਸਮੇਤ ਕੋਈ ਸਾਂਵੀ ਸੇਧ ਮਿਲ ਸਕੇਗੀ।

ਸਾਹਿਤ-ਰੂਪ ਕੋਈ ਖੁੱਲ੍ਹਾ ਵਰਤਾਰਾ ਨਹੀਂ ਹਨ। ਰਚਨਾਵਾਂ ਦੇ ਆਪਣੇ ਰੂਪ-ਵਿਧਾਈ ਨੇਮ ਹੁੰਦੇ ਹਨ। ਉਂਜ ਇਹ ਨੇਮ ਪੱਕੇ-ਪੀਡੇ ਨਾ ਹੋ ਕੇ ਇਕ ਗਤੀਸ਼ੀਲ ਪ੍ਰਵਾਹ ਵਜੋਂ ਅੱਗੇ ਵਿਕਸਿਤ ਹੁੰਦੇ ਰਹਿੰਦੇ ਹਨ। ਨਾਵਲ ਪੂਰੇ ਮਨੁੱਖ ਦੀ ਤਸਵੀਰ ਪੇਸ਼ ਕਰਨ ਵਾਲੀ ਵਿਧਾ ਹੈ। ਪੂਰੇ ਮਨੁੱਖ ਤੋਂ ਭਾਵ ਕਿਸੇ ਪਾਤਰ ਦੀ ਸੋਚ, ਉਸ ਦੇ ਅਮਲ ਤੇ ਫਿਰ ਸਾਹਮਣੇ ਆਏ ਸਿੱਟਿਆਂ ਦੀ ਤਸਵੀਰਕਸ਼ੀ ਤੋਂ ਹੈ। ਨਾਵਲੀ ਪਾਠ ਵਿਚ ਅੰਤਰ-ਪਾਠ ਕਿਵੇਂ ਦਾ ਹੈ? ਅਰਥਾਤ ਕਿਸੇ ਰਚਨਾ ਵਿਚ ਕਿਸੇ ਹੋਰ ਰਚਨਾ ਦਾ ਵੇਰਵਾ ਕਿਸ ਪ੍ਰਸੰਗ ਵਿਚ ਹੈ। ਸਾਹਿਤ-ਕ੍ਰਿਤਾਂ ਵਿਚ ਕੁਝ ਅਣ-ਕਿਹਾ ਵੀ ਹੁੰਦਾ ਹੈ ਤੇ ਸਵਾਲਾਂ ਦੇ ਰੂਪ ਵਿਚ ਵੀ। ਕਿਤੇ ਵਾਕ-ਬਣਤਰ ਵਿਚ ਸ਼ਬਦਾਂ ਵਿਚਕਾਰ ਬਿੰਦੀਆਂ/... ਰੂਪੀ ਖੱਪੇ ਹੁੰਦੇ ਹਨ। ਕਿਤੇ ਵਾਕਾਂ ਦੀ ਪ੍ਰਸ਼ਨੋਤਰੀ ਤੇ ਹੈਰਾਨਗੀ ਪੈਦਾ ਕਰਨ ਵਾਲੀ ਵਿਆਕਰਣ ਬੁਣਤੀ ਹੁੰਦੀ ਹੈ। ਅਜਿਹੀ ਕਲਾਕਾਰੀ ਦੀਆਂ ਰਮਜ਼ਾਂ ਨੂੰ ਜਾਣਨਾ ਵੀ ਸਾਹਿਤਕ ਪੜ੍ਹਤ ਵਿਚ ਜ਼ਰੂਰੀ ਹੁੰਦਾ ਹੈ। ਨਾਵਲ ਦੀ ਬਣਤਰ ਵਿਚ ਬੁਣਤੀ ਕਿਵੇਂ ਦੀ ਹੈ? ਬੁਣਤੀ ਤੋਂ ਭਾਵ ਕਿਸੇ ਰਚਨਾ ਦੀ ਪੇਸ਼ਕਾਰੀ ਵਿਚ ਦਰਜ ਅੰਤਰ-ਪਾਠ, ਆਂਚਲਿਕ/ਲੋਕਧਾਰਾਈ ਅਤੇ ਹੋਰ ਰਸਮੋਂ-ਰਿਵਾਜਾਂ ਦੀ ਜੜ੍ਹਤ ਤੋਂ ਹੈ। ਕੋਈ ਰਚਨਾ ਬੰਦ ਮੁਸ਼ਾਹਦੇ ਵਾਲੀ ਹੈ ਜਾਂ ਖੁੱਲ੍ਹੇ ਅੰਤ ਵਾਲੀ। ਬੰਦ ਤੋਂ ਭਾਵ ਸਮੱਸਿਆਵਾਂ ਦੇ ਪੂਰਨ ਸਮਾਧਾਨ ਤੋਂ ਹੈ। ਖੁੱਲ੍ਹੇ-ਅੰਤ ਦਾ ਅਰਥ ਸਮੱਸਿਆਵਾਂ ਦੇ ਅੱਗੇ ਜ਼ਾਰੀ ਰਹਿਣ ਤੋਂ ਹੈ। ਇਨ੍ਹਾਂ ਨੂੰ ਹੀ ਜਰਾ ਵੱਖਰੇ ਪ੍ਰਸੰਗ ਵਿਚ ਸੁਖਾਂਤ ਜਾਂ ਦੁਖਾਂਤ ਰਚਨਾਵਾਂ ਦੀ ਕੋਟੀ ਵਿਚ ਰੱਖਿਆ ਜਾਂਦਾ ਹੈ। ਨਾਵਲ ਦੀ ਪਾਤਰਾਂਵਲੀ ਕਿਸ ਕਿਸਮ ਦੀ ਹੈ? ਕੀ ਨਾਵਲੀ ਪਾਤਰਾਂਵਲੀ ਅਨਓਕਤੀ ਮੂਲਕ ਹੈ, ਗੋਲ ਜਾਂ ਚਪਟੀ ਕਿਸਮ ਦੀ? ਪਾਤਰਾਂ ਦੇ ਆਪਣੇ ਨਾਮ ਮੁਤਾਬਕ ਕੀਤੇ ਵਿਹਾਰ ਨੂੰ ਅਨਓਕਤੀ ਕਿਹਾ ਜਾਂਦਾ ਹੈ। ਹਾਲਾਤ ਮੁਤਾਬਕ ਬਦਲਦੇ ਪਾਤਰਾਂ ਨੂੰ ਗੋਲ, ਪਰ ਬਿਲਕੁਲ ਹੀ ਨਾ ਬਦਲਣ ਵਾਲੇ ਪਾਤਰਾਂ ਨੂੰ ਚਪਟੇ ਮੰਨਿਆ ਜਾਂਦਾ ਹੈ। ਕੀ ਪਾਤਰ ਸੁਭਾਵਕ ਜਾਂ ਸੰਭਾਵੀ ਲੱਗਦੇ ਹਨ ਜਾਂ ਅਲੋਕਾਰ? ਪਾਤਰਾਂ ਦੇ ਵਿਹਾਰ ਵਿਚ ਇਕਹਿਰਾਪਨ ਹੈ ਜਾਂ ਜਟਿਲਤਾ। ਨਾਵਲਕਾਰ ਦੀ ਨਾਵਲੀ-ਦ੍ਰਿਸ਼ਟੀ ਵਿਅੰਗ ਮੂਲਕ ਹੈ ਜਾਂ ਵਿਡੰਬਨਾ ਮਈ। ਵਿਡੰਬਨਾ ਕਿਸੇ ਰਚਨਾ ਦੀ ਗਹਿਰੀ ਰਮਜ਼ ਹੁੰਦੀ ਹੈ। ਇਹ ਬਾਹਰੀ ਦਿਸਦੇ ਵਰਤਾਰੇ ਤੇ ਉਸ ਦੇ ਅੰਦਰਲੇ ਅਮਲ ਤੋਂ ਸਾਹਮਣੇ ਆਏ ਸੱਚ ਨੂੰ ਪਕੜਣ ਵਾਲੀ ਦ੍ਰਿਸ਼ਟੀ ਮੰਨੀ ਜਾਂਦੀ ਹੈ। ਪਰ ਵਿਅੰਗ ਕਿਸੇ ਵਤੀਰੇ ਪ੍ਰਤੀ ਮਸ਼ਕਰੀ ਰੂਪੀ ਸਪਾਟ ਭਾਸ਼ਾਈ ਹਮਲਾ ਹੁੰਦਾ ਹੈ। ਨਾਵਲ ਦੀ ਬਿਰਤਾਂਤ ਵਿਧੀ ਕਿਵੇਂ ਦੀ ਹੈ? ਭਾਸ਼ਾ-ਸ਼ੈਲੀ ਕਿਵੇਂ ਦੀ ਹੈ? ਕੋਈ ਰਚਨਾ ਆਪਣੇ ਸਮਾਜਕ ਯਥਾਰਥ ਦਾ 'ਸਿੱਧੜ ਰੂਪ' ਹੈ ਜਾਂ 'ਸਿਰਜਣਾਤਮਿਕ ਤਸਵੀਰ'। ਕਿਸੇ ਰਚਨਾ ਦੇ ਥੀਮ ਵਿਚੋਂ ਕਿਸ ਧਿਰ ਮੁਖੀ ਧੁਨੀ ਗੂੰਜਦੀ ਹੈ। ਰਚਨਾਵਾਂ ਦੀ ਸਮਾਜਕ ਸਾਰਥਕਤਾ ਤੇ ਪ੍ਰੇਰਣਾ ਕਿਵੇਂ ਦੀ ਹੈ? ਸਾਹਿਤ-ਕ੍ਰਿਤਾਂ ਪਾਠਕਾਂ ਦੇ ਚੇਤਿਆਂ ਵਿਚ ਕਿਵੇਂ ਤੇ ਕਿਉਂ ਯਾਦ ਰਹਿੰਦੀਆਂ ਹਨ? ਸਾਹਿਤ ਰਚਨਾਵਾਂ ਦਾ ਮਨੁੱਖ ਦੀ ਹੋਂਦ ਪ੍ਰਤੀ ਦਾਰਸ਼ਨਿਕ ਲਹਿਜਾ ਕਿਸ ਤਰ੍ਹਾਂ ਦਾ ਹੈ? ਰਚਨਾ ਵਿਚੋਂ ਉੱਭਰਦਾ ਸੁਨੇਹਾ ਕਿਵੇਂ ਦਾ ਹੈ? ਲੇਖਕ ਦਾ ਆਪਣਾ ਵਿਚਾਰਧਾਰਾਈ ਰਚਨਾਤਮਿਕ ਪੈਂਤੜਾ ਕਿਵੇਂ ਦਾ ਹੈ? ਪਾਠਕ ਜਾਂ ਆਲੋਚਕ ਨੂੰ ਰਚਨਾ ਵਿਚ 'ਕੀ ਨਹੀਂ ਹੈ' ਦੇ ਝੋਰੇ ਵਿਚ ਝੂਰਨ ਦੀ ਥਾਂ ਰਚਨਾਵਾਂ ਦੀ ਝੋਲੀ ਵਿਚ 'ਕੀ ਤੇ ਕਿਵੇਂ ਹੈ' ਦੇ ਭੇਦ ਖੋਲਣ 'ਤੇ ਹੀ ਧਿਆਨ ਕੇਂਦਰਿਤ ਹੋਣਾ ਚਾਹੀਦਾ ਹੈ।

ਸੁਖਬੀਰ ਦਾ **ਗਰਦਸ਼** ਨਾਵਲ ਪਹਿਲੀ ਵਾਰ 1973 ਵਿਚ ਪ੍ਰਕਾਸ਼ਿਤ ਹੋਇਆ ਸੀ। ਪਰ ਨਾਵਲਕਾਰ ਵੱਲੋਂ ਇਹ ਨਾਵਲ 1962 ਵਿਚ ਲਿਖਿਆ ਗਿਆ ਸੀ। "ਅਜਿਹੀ ਜਾਣਕਾਰੀ ਸੁਖਬੀਰ ਦੇ ਨਾਵਲ **ਪਾਣੀ ਤੇ ਪੁਲ** (1962) ਤੇ **ਅੱਧੇ ਪੌਣੇ** (1970) ਵਿਚ ਦਿੱਤੀ ਤਰਤੀਬ ਤੋਂ ਮਿਲਦੀ ਹੈ। ਸੁਖਬੀਰ ਦੇ ਵਧੇਰੇ ਨਾਵਲ ਲਿਖੇ ਜਾਣ ਤੋਂ ਕਈ-ਕਈ ਸਾਲ ਬਾਅਦ ਵਿਚ ਛੱਪੇ ਸਨ।"[1] ਸਪੱਸ਼ਟ ਹੈ ਕਿ ਸੁਖਬੀਰ ਨਾਵਲ ਛਪਾਉਣ ਦੀ ਕਾਹਲ ਨਹੀਂ ਕਰਦਾ ਹੈ। ਉਹ ਰਚਨਾ ਨੂੰ ਲਿਖੇ ਜਾਣ ਤੋਂ ਬਾਅਦ ਉਸ ਬਾਰੇ ਮੁੜ ਸੋਚਦਾ ਤੇ ਵਿਉਂਤਦਾ ਹੈ। ਗਰਦਸ਼ ਨਾਵਲ ਦਾ ਨਾਮਕਰਨ ਹੀ ਸਮੁੱਚੇ ਥੀਮ ਦੀ ਪਰਤੌਂ ਹੈ। ਗਰਦਸ਼ ਤੋਂ ਭਾਵ ਮਨੋਸਥਿਤੀ ਦੀ ਘੁੰਮਣ-ਘੇਰੀ ਜਾਂ ਅਸੰਤੁਸ਼ਟੀ ਦੇ ਚੱਕਰ ਤੋਂ ਹੈ। ਇਹ ਨਾਵਲੀ ਨਾਮ ਜ਼ਿੰਦਗੀ ਪ੍ਰਤੀ ਇਕ ਨਾਂਹ ਵਾਚੀ ਵਿਸ਼ੇਸ਼ਣ ਹੈ। ਨਾਵਲ ਦਾ ਕੇਂਦਰੀ ਪਾਤਰ ਕੰਵਲ ਅਜਿਹੇ ਵਿਸ਼ੇਸ਼ਣ ਦੀ ਪ੍ਰਤੀਨਿਧਤਾ ਕਰਦਾ ਹੈ। "ਉਸ ਲਈ ਵਿਆਹੁਤਾ ਜੀਵਨ ਸੂਲਾਂ ਦੀ ਸੇਜ਼ ਹੈ।"[2] ਉਸ ਨੂੰ ਰਾਤ ਨੀਂਦ ਨਹੀਂ ਆਉਂਦੀ ਹੈ। ਕੰਵਲ ਨੂੰ "ਛੱਤ ਵਿਚ ਲੰਮੀ ਤੇ ਵਿੰਗੀ-ਟੇਢੀ ਤਰੇੜ ਨਜ਼ਰ ਆਉਂਦੀ ਹੈ।"[3] "ਉਸ ਤਰੇੜ ਵਿਚੋਂ ਸੁਪਨਮਈ ਅਵਸਥਾ ਵਿਚ ਕਾਲਾ ਸ਼ਾਹ ਤੇ ਤਾਰਿਆਂ ਤੋਂ ਸੱਖਣਾ ਅਸਮਾਨ ਦਿੱਸਦਾ ਹੈ।"[4] ਕੰਵਲ ਉੱਤੇ ਬਿਮਾਰੀ ਦੀ ਹਾਲਤ ਵਿਚ ਮੌਤ ਦਾ ਸਹਿਮ ਹੈ। ਉਸ ਦੇ ਜੀਵਨ ਵਿਚ ਉਦਾਸੀ ਤੇ ਖਲਾਅ ਹੈ। ਕੰਵਲ


**www.sanvad.org**
ISSN : 2395-1273

ਦੀ ਅਜਿਹੀ ਮਨੋਸਥਿਤੀ ਆਪਣੀ ਪ੍ਰੇਮਿਕਾ ਸੀਮਾ ਨੂੰ ਨਾ ਹਾਸਿਲ ਕਰਨ ਤੋਂ ਉਪਜਦੀ ਹੈ। ਉਸ ਨੂੰ ਆਪਣੀ ਜ਼ਿੰਦਗੀ ਖਸਤਾ ਹਾਲਤ ਜਾਪਦੀ ਹੈ। ਉਸ ਦੇ "ਘਰ ਦੀਆਂ ਕੰਧਾਂ ਤੋਂ ਪਲੱਸਤਰ ਡਿੱਗ ਰਿਹਾ ਹੈ।"[5] ਏਵੇਂ ਹੀ ਕੰਵਲ ਦੇ ਆਪਣੇ ਸੁਪਨੇ ਟੁੱਟ ਰਹੇ ਹਨ। ਉਸ ਨੂੰ 'ਚੰਨ ਗ੍ਰਹਿਣਿਆਂ' ਹੋਇਆ ਨਜ਼ਰ ਆਉਂਦਾ ਹੈ। ਬ੍ਰਿਛਾਂ ਦੇ 'ਫੁੱਲ ਪੀਲੇ' ਨਜ਼ਰ ਆਉਂਦੇ ਹਨ। 'ਇਮਲੀ ਦਾ ਬ੍ਰਿਛ' ਅਸਮਾਨੀ ਬਿਜਲੀ ਡਿੱਗਣ ਕਾਰਨ ਇਕ ਪਾਸੇ ਤੋਂ ਸੜ ਜਾਂਦਾ ਦਿੱਸਦਾ ਹੈ। ਕੰਵਲ ਵੀ ਪ੍ਰੇਮਿਕਾ ਜਾਂ ਪਿਆਰ ਵਾਲੇ ਪਾਸੇ ਤੋਂ ਆਪਣੇ-ਆਪ ਨੂੰ ਝੁਲਸਿਆ ਮਹਿਸੂਸ ਕਰਦਾ ਹੈ। 'ਸੜਕ 'ਤੇ ਹਨੇਰ' ਪਸਰਿਆ ਹੋਇਆ ਹੈ। ਆਸੇ-ਪਾਸੇ ਦਾ 'ਇਲਾਕਾ ਵੀਰਾਨ' ਹੈ। ਅਜਿਹੀ ਮਨੋਸਥਿਤੀ ਵਿਚ ਕੰਵਲ ਸੜਕਾਂ, ਹੋਟਲਾਂ, ਸਿਨਮਿਆਂ ਦੇ ਚੱਕਰ ਲਾਉਂਦਾ ਰਹਿੰਦਾ ਹੈ। ਉਸ ਨੂੰ ਸ਼ਰਾਬ ਦੀ ਵੀ ਲਤ ਹੈ। ਨਾ ਕੰਵਲ ਨੂੰ ਘਰ ਤੇ ਨਾ ਹੀ ਘਰ ਨੂੰ ਕੰਵਲ ਰਾਸ ਆਉਂਦਾ ਹੈ। ਕੰਵਲ ਦੇ ਸਮੁੱਚੇ ਜੀਵਨ 'ਤੇ ਅਸੰਤੁਸ਼ਟੀ ਤੇ ਨਿਰਾਸ਼ਾ ਦਾ ਹਾਲਾ/ਸਾਇਆ ਦਿੱਸਦਾ ਹੈ। ਉਹ ਬੌਣੇ ਜਾਂ ਊਣੇ ਮਨੁੱਖ ਦੀ ਹੋਣੀ ਵਾਲਾ ਪਾਤਰ ਹੈ। ਉਸ ਨੂੰ ਆਪਣੀ ਜ਼ਿੰਦਗੀ 'ਮੁੱਠੀ ਵਿਚੋਂ ਕਿਰਦੀ ਰੇਤ' ਵਾਂਗ ਨਜ਼ਰ ਆਉਂਦੀ ਹੈ। ਕੰਵਲ ਦੇ ਅੰਦਰ ਪ੍ਰੇਮਿਕਾ ਦੀ ਅਪ੍ਰਾਪਤੀ ਦਾ ਵੱਡਾ ਖਲਾਅ ਹੈ। ਇਸ ਖਲਾਅ ਵਿਚ ਉਸ ਨੂੰ ਹਰ ਚੀਜ਼ ਓਪਰੀ ਲੱਗਦੀ ਹੈ। ਉਸ ਲਈ ਜੀਵਨ 'ਗੰਦਾ ਨਾਲਾ' 'ਤੇ 'ਬੋਅ ਮਾਰਦਾ ਛੱਪੜ' ਹੈ। ਉਹ ਆਪਣੇ ਆਪ ਨੂੰ 'ਚਿੱਕੜ ਵਿਚ ਫਸਿਆ' ਮਹਿਸੂਸ ਕਰਦਾ ਹੈ।[6] ਕਦੀ ਕੰਵਲ ਨੂੰ ਆਪਣਾ-ਆਪ ਸੜਕ ਉੱਤੇ 'ਮਰੇ ਆਵਾਰਾ ਕੁੱਤੇ' ਵਰਗਾ ਵੀ ਜਾਪਦਾ ਹੈ। "ਕਦੀ ਉਸ ਨੂੰ ਆਪਣੀ ਜ਼ਿੰਦਗੀ ਕਿਸੇ 'ਢੱਠੀ ਬਿਲਡਿੰਗ ਦੇ ਮਲਬੇ ਦਾ ਢੇਰ' ਨਜ਼ਰ ਆਉਂਦੀ ਹੈ।"[7] ਕੰਵਲ ਦੀ ਕੋਸ਼ਿਸ਼ ਮਾਰੂਥਲ ਵਿਚ 'ਮ੍ਰਿਗਜਲ' ਪਾਉਣ ਦੀ ਹੈ। ਅਜਿਹਾ ਥੀਮ ਸੁਧੀਰ ਵੱਲੋਂ ਕੰਵਲ ਨੂੰ ਭੇਟਾ ਕੀਤੀ ਗਈ ਪੁਸਤਕ ਉੱਤੇ ਲਿਖੀ ਗਈ ਇਸ ਸਤਰ ਤੋਂ ਹੀ ਵਿਸਥਾਰ ਲੈਂਦਾ ਹੈ :-

"ਕੰਵਲ ਨੂੰ; ਜੋ ਮ੍ਰਿਗਜਲ ਵਿਚ ਖਿੜਨਾ ਚਾਹੁੰਦਾ ਹੈ।"[8] ਪਰ ਰੇਤ ਦੇ ਰੇਗਿਸਤਾਨ ਵਿਚ ਪਾਣੀ ਦੀ ਭਾਲ ਜਾਂ ਪ੍ਰਾਪਤੀ ਮੁਸ਼ਕਲ ਹੀ ਨਹੀਂ, ਅਸੰਭਵ ਹੈ। ਇਸ ਤਰ੍ਹਾਂ ਸਮੁੱਚਾ ਥੀਮ ਕੇਂਦਰੀ ਪਾਤਰ ਦੀ ਮਾਰੂਥਲ ਵਿਚ ਖਿੜਨ ਦੀ ਅਸਫ਼ਲ ਕੋਸ਼ਿਸ਼ ਨਾਲ ਸੰਬੰਧਿਤ ਹੈ। ਅਜਿਹੀ ਸਥਿਤੀ ਵਿਚ ਕੰਵਲ ਉਲਾਰ ਤੇ ਸਨਕੀ ਹੋ ਜਾਂਦਾ ਹੈ। ਨਾਵਲ ਦਾ ਧਰਮ ਸੁਪਨਿਆਂ ਦੀ ਟੁੱਟ-ਭੱਜ ਨੂੰ ਚਿਤਰਨਾ ਹੈ। ਅਜਿਹੀ ਬਿਰਤਾਂਤਕ ਤਸਵੀਰ ਨਾਵਲੀ ਥੀਮ ਦੇ ਆਰ-ਪਾਰ ਫ਼ੈਲੀ ਹੋਈ ਹੈ। ਕੰਵਲ ਅਸਲ ਵਿਚ ਪਿਆਰ ਵਰਗੇ ਕੋਮਲ ਤੇ ਸੁਹਜਾਤਮਿਕ ਜਜ਼ਬੇ ਦਾ ਕਾਇਲ ਹੈ। "ਉਹ ਸਰੀਰ ਨਹੀਂ, ਪਿਆਰ ਤੋਂ ਤ੍ਰਿਪਤ ਹੋਣਾ ਚਾਹੁੰਦਾ ਹੈ।"[9] ਕੰਵਲ 'ਦੇਹ ਨਹੀਂ ਰੂਹ ਦਾ ਰੱਜ' ਚਾਹੁੰਦਾ ਹੈ। ਉਂਜ ਕੰਵਲ ਇਕ ਹੁਨਰੀ ਪਾਤਰ ਹੈ। ਉਸ ਨੂੰ ਹਰ ਕਿੱਤੇ ਜਾਂ ਵਪਾਰ ਵਿਚ ਸਫ਼ਲਤਾ ਮਿਲਦੀ ਹੈ। ਕੰਵਲ ਨੂੰ ਘਰਾਂ ਦੀ ਸੁਹਜ-ਸਜਾਵਟ ਅਰਥਾਤ 'ਇੰਟੀਰੀਅਰ ਡੈਕੋਰੇਸ਼ਨ' ਦੀ ਡੂੰਘੀ ਸੋਝੀ ਹੈ। ਇਸ ਕਰਕੇ ਉਸ ਨੂੰ ਘਰ ਦੀ ਸਜਾਵਟ ਪ੍ਰਤੀ ਮਿਸਿਜ਼ ਮਾਥੁਰ ਦੀ ਸੁਹਜਾਤਮਿਕ ਦਿਲਚਸਪੀ ਵੀ ਚੰਗੀ ਲੱਗਦੀ ਹੈ।

ਨਾਵਲਕਾਰ ਮੁੱਖ ਬਲ ਕੇਂਦਰੀ ਪਾਤਰ ਦੀ ਮਾਨਸਿਕ ਲੀਲਾ ਨੂੰ ਚਿਤ੍ਰਣ 'ਤੇ ਹੈ। ਬਾਹਰੀ ਵਾਤਾਵਰਣ ਬੰਦੇ ਦੇ ਮਨੋ-ਮਸਤਕ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ, ਇਸ ਸੰਬੰਧੀ ਗਰਦਸ਼ ਇਕ ਪ੍ਰਤੀਨਿਧ ਰਚਨਾ ਹੈ। ਕੰਵਲ ਆਪਣੀ ਭਟਕਣਾ ਵਿਚ ਆਪਣੇ ਕਿੱਤੇ ਬਦਲਦਾ ਰਹਿੰਦਾ ਹੈ। ਉਹ ਕਦੀ ਇਕ ਕੰਮ ਸ਼ੁਰੂ ਕਰਦਾ ਹੈ, ਫਿਰ ਦੂਜਾ। ਨਾਵਲੀ ਬਿਰਤਾਂਤ ਉਦਰੇਵੇਂ ਦੇ ਭਾਵਾਤਮਿਕ ਸੰਘਣਨ ਨਾਲ ਆਰੰਭ ਹੁੰਦਾ ਹੈ। ਸਮੁੱਚੀ ਨਾਵਲੀ ਸ਼ੈਲੀ ਬਿੰਬਾਂ-ਪ੍ਰਤੀਕਾਂ ਦੀ ਵਿਸ਼ੇਸ਼ ਸਾਹਿਤਕ ਆਤਿਸ਼ਬਾਜੀ ਨਾਲ ਭਰਪੂਰ ਹੈ। ਨਾਵਲੀ ਬਣਤਰ ਵਿਚ ਅਜਿਹੀ ਭਾਸ਼ਾਈ ਬੁਣਤੀ ਨਾਵਲੀਅਤਾ ਦੀ ਤਾਕਤ ਬਣਦੀ ਹੈ। ਅਜਿਹੀ ਸ਼ੈਲੀ ਨਾਵਲ ਵਿਚ ਕੋਈ ਟੁੱਟਵਾਂ ਜਾਂ ਅੰਸ਼ਕ ਵਰਤਾਰਾ ਨਹੀਂ ਹੈ, ਸਗੋਂ ਇਹ ਨਾਵਲਕਾਰ ਦੀ ਬਿਰਤਾਂਤਕ ਨੀਤੀ ਵਜੋਂ ਇਕ ਨਿਰੰਤਰਤਾ ਵਿਚ ਪੇਸ਼ ਹੋਈ ਹੈ। ਬਣਤਰ ਨਾਲੋਂ ਬੁਣਤੀ ਨਾਲ ਹੀ ਸਾਹਿਤ ਰਚਨਾਵਾਂ ਦਿਲਚਸਪ ਤੇ ਅਰਥ-ਭਰਪੂਰ ਬਣਦੀਆਂ ਹਨ। ਸਾਡੇ ਵੱਡੇ ਗਲਪ ਸ਼ਾਸਤਰੀ "ਨਾਵਲ ਨੂੰ ਘਟਨਾਵਾਂ ਦੇ ਬਿੰਬਾਤਮਕ ਸੰਯੋਜਨ ਵਾਲਾ ਕਲਾ ਰੂਪ" ਹੀ ਮੰਨਦੇ ਹਨ।[10] ਕੰਵਲ ਲਈ ਮਹਾਂਨਗਰ ਦੀ ਸੜਕ ਵੀ ਭਟਕਣਾ ਜਾਂ ਦਿਸ਼ਾ-ਹੀਣਤਾ ਦਾ ਮਾਧਿਅਮ ਹੈ। ਨਾਵਲਕਾਰ ਆਪਣੀ ਵਿਸ਼ੇਸ਼ ਕਿਸਮ ਦੀ ਲਖਸ਼ਣਾਂ ਭਾਸ਼ਾ ਰਾਹੀਂ ਕੰਵਲ ਦੀ ਮਨੋਸਥਿਤੀ ਨੂੰ ਪ੍ਰਗਟਾਉਂਦਾ ਹੈ। ਸਾਹਿਤ ਵਿਚ ਅਭਿਧਾ ਭਾਸ਼ਾ ਸਿੱਧੀ-ਸਪਾਟ ਹੁੰਦੀ ਹੈ। ਆਮ ਵਾਰਤਕ ਦੀ ਭਾਸ਼ਾ ਅਭਿਧਾ-ਮੂਲਕ ਹੀ ਹੁੰਦੀ ਹੈ। ਪਰ ਲਖਸ਼ਣਾ ਭਾਸ਼ਾ ਕਾਵਿਕ ਅਤੇ ਬਹੁ-ਅਰਥੀ ਹੁੰਦੀ ਹੈ।

ਨਾਵਲ ਸੁਪਨੇ ਤੇ ਹਕੀਕਤਾਂ ਦੇ ਆਪਸੀ ਤਨਾਅ ਜਾਂ ਟਕਰਾਅ ਦੀ ਖ਼ਸਲਤ ਵਾਲੀ ਵਿਧਾ ਹੈ। ਅਜਿਹੀ ਪਰਿਭਾਸ਼ਾ ਗਰਦਸ਼ ਨਾਵਲ ਦੇ ਆਰ-ਪਾਰ ਫ਼ੈਲੀ ਹੋਈ ਹੈ। ਜੀਵਨ ਵਿਚ ਅਕਸਰ ਹੀ ਹਰ ਮਨੁੱਖ ਕਿਸੇ ਨਾ ਕਿਸੇ ਪੱਖ ਤੋਂ ਅਸੰਤੁਸ਼ਟ ਜਾਂ ਊਣਾ ਹੈ। ਹਰੇਕ ਵਿਅਕਤੀ ਅੱਗੇ ਤੋਂ ਅੱਗੇ ਹੋਰ ਸੁਪਨਿਆਂ ਜਾਂ ਇੱਛਾਵਾਂ ਦੇ ਸਫ਼ਰ ਵਿਚ

ਰਹਿੰਦਾ ਹੈ। ਅਜਿਹੇ ਸਫ਼ਰ ਵਿਚ ਸਭ ਪ੍ਰਾਪਤੀਆਂ ਨੂੰ ਹਕੀਕੀ ਰੂਪ ਮਿਲਣਾ ਸੰਭਵ ਨਹੀਂ ਹੈ। ਇਸ ਕਰਕੇ ਬੰਦੇ ਦੇ ਜੀਣ-ਥੀਣ ਵਿਚ ਹੀ ਅਸੰਤੁਸ਼ਟੀ ਤੇ ਵਿਗੋਚੇ ਹਨ। ਇਹ ਨਾਵਲ ਮਨੁੱਖੀ ਹੋਂਦ ਦੇ ਅਜਿਹੇ ਫਲਸਫ਼ਾਨਾ ਸੱਚ ਦਾ ਪ੍ਰਗਟਾ ਹੈ। ਇਸ ਤਰ੍ਹਾਂ ਨਾਵਲਕਾਰ ਨਾਵਲੀ ਵਿਧਾ ਦੇ ਵੀ ਰੂਬਰੂ ਹੈ ਅਤੇ ਮਨੁੱਖੀ ਹੋਂਦ ਦੇ ਮਸਲਿਆਂ ਦੇ ਵੀ।

ਗਰਦਸ਼ ਨਾਵਲ ਵਿਚ ਮੁਖ ਤੌਰ ’ਤੇ ਕੇਂਦਰੀ ਪਾਤਰ ਦੀ ਭਾਵੁਕ ਥੁੜ੍ਹੋਂ ਦਾ ਮਸਲਾ ਪੇਸ਼ ਹੋਇਆ ਹੈ। ਇਸ ਕਾਰਨ ਕੇਂਦਰੀ ਪਾਤਰ ਤੇ ਉਸਦੀ ਪਤਨੀ ਦਾ ਪਰਿਵਾਰਕ ਸੰਤੁਲਨ ਵਿਗੜਿਆ ਹੋਇਆ ਹੈ। ਇਹਨਾਂ ਦੇ ਤਿੰਨ ਬੱਚੇ (ਦੋ ਲੜਕੀਆਂ ਤੇ ਇਕ ਲੜਕਾ) ਹਨ। ਸੀਮਾ ਕਦੀ ਕੰਵਲ ਤੋਂ ਟਵੀਸ਼ਨ ਪੜ੍ਹਦੀ ਸੀ। ਪਰ ਇਨ੍ਹਾਂ ਦਾ ਆਪਸੀ ਲਗਾਵ ਥੋੜ੍ਹ-ਚਿਰਾ ਹੀ ਰਹਿੰਦਾ ਹੈ। ਕੰਵਲ ਲਈ ਆਪਣੀ ਪ੍ਰੇਮਿਕਾ ਸੀਮਾ ਤੋਂ ਦੂਰੀ ਹੇਰਵੇ ਦਾ ਕਾਰਨ ਬਣ ਜਾਂਦੀ ਹੈ। ਇਸ ਦੇ ਸਿੱਟੇ ਵਜੋਂ ਕੰਵਲ ਦਾ ਆਪਣੇ ਪਰਿਵਾਰ ਨਾਲ ਨਿਰਮੋਹੀ ਵਤੀਰਾ ਹੈ। ਇਹ ਇਕ ਤਰ੍ਹਾਂ ਨਾਲ ਗੈਰ-ਜ਼ਿੰਮੇਵਾਰ ਪਤੀ ਤੇ ਬਾਪ ਨਜ਼ਰ ਆਉਂਦਾ ਹੈ। ਉਂਜ਼ ਕੰਵਲ ਆਪਣੀਆਂ ਪਰਿਵਾਰਕ ਸੀਮਾਵਾਂ ਦਾ ਉਲੰਘਣ ਵੀ ਨਹੀਂ ਕਰਦਾ ਹੈ। ਉਸ ਦਾ ਘਰ ਜਾਂ ਪਰਿਵਾਰ ਨਾਲੋਂ ਕੋਈ ਵੱਡਾ ਤੋੜ-ਵਿਛੋੜਾ ਵੀ ਨਹੀਂ ਹੈ। ਉਹ ਪਰਿਵਾਰ ਤੇ ਵਿਆਹ-ਬਾਹਰੇ ਸੰਬੰਧਾਂ ਵਿਚ ਮੱਧ-ਸ਼੍ਰੇਣਿਕ ਦੁਬਿਧਾ ਵਿਚ ਲਟਕਦਾ-ਲਮਕਦਾ ਪਾਤਰ ਹੈ। ਦੂਸਰੇ ਪਾਸੇ ਸੀਮਾ ਨੂੰ ਆਪਣੇ ਪ੍ਰੇਮੀ ਪ੍ਰਤੀ ਕੋਈ ਹੇਰਵਾ ਨਹੀਂ ਹੈ। ਸੀਮਾ ਆਪਣੇ ਘਰ-ਪਰਿਵਾਰ ਪ੍ਰਤੀ ਇਕ ਵਿਹਾਰੀ ਔਰਤ ਹੈ। ਉਸ ਨੂੰ ਕੰਵਲ ਦਾ ਭਾਵੁਕ ਵਤੀਰਾ ਇਕ ਖਾਲੀ ਆਡੰਬਰ ਜਾਪਦਾ ਹੈ। ਉਹ ਕੰਵਲ ਵਲੋਂ ਤੋਹਫ਼ੇ ਵਜੋਂ ਦਿੱਤੇ ‘ਪੈਨ’ ਤੇ ‘ਕਿਤਾਬ’ ਨੂੰ ਕਦੀ ਵਰਤਦੀ ਹੀ ਨਹੀਂ ਹੈ। ਸਗੋਂ ਇਨ੍ਹਾਂ ਨੂੰ ਟਰੰਕ ਵਿਚ ਰੱਖ (ਸਾਂਭ) ਦੇਂਦੀ ਹੈ। ਸੀਮਾ ਸਿਆਹੀ ਵਾਲੇ ਪੈਨ ਦੀ ਥਾਂ ਲਿਖਣ ਲਈ ਕੱਚੀ ਪੈਨਸਲ ਵਰਤਦੀ ਹੈ। ਪੈਨ ਦੀ ਥਾਂ ਕੱਚੀ ਪੈਨਸਿਲ ਪੁਰਾਣੇ ਰਿਸ਼ਤਿਆਂ ਦੀ ਪਕਿਆਈ ਦਾ ਉਲਟ ਜਾਂ ਵਿਰੋਧਾਤਮਿਕ ਚਿਹਨ ਹੈ। ਕੱਚੀ ਪੈਨਸਲ ਨਾਲ ਲਿਖਿਆ ਸੌਖਿਆਂ ਹੀ ਮਿਟਾਇਆ ਜਾ ਸਕਦਾ ਹੈ। ਇਸ ਤਰ੍ਹਾਂ ਸੀਮਾ ਦੀ ਖ਼ਸਲਤ ਕੱਚੀ ਪੈਨਸਲ ਨਾਲ ਲਿਖੇ ਵਰਗੀ ਹੈ। ਕਿਉਂਕਿ, ਸੀਮਾ ਬੀਤੇ ਦੀ ਸਾਂਝ ਨੂੰ ਮਿਟਾ ਦੇਣਾ ਚਾਹੁੰਦੀ ਹੈ। ਇਸ ਤਰ੍ਹਾਂ ਸੀਮਾ ਦੀ ਮਨੋਸਥਿਤੀ ਵੀ ਭਾਸ਼ਾਈ ਚਿੰਨ੍ਹਾਂ ਵਿਚੋਂ ਭਲੀ-ਭਾਂਤ ਪ੍ਰਗਟ ਹੁੰਦੀ ਹੈ। ਉਹ ਹਰ ਹਾਲਾਤ ਵਿਚ ਬੀਤੇ ਦੀ ਸਾਂਝ ਤੋਂ ਛੁਟਕਾਰਾ ਪਾ ਲੈਣ ਵਿਚ ਆਪਣਾ ਭਲਾ ਸਮਝਦੀ ਹੈ। “ਉਹ ਬੀਤੇ ਵਿਚ ਜ਼ਿੰਦਗੀ ਕੱਟਣ ਦੀ ਥਾਂ ਵਰਤਮਾਨ ਵਿਚ ਜਿਊਣਾ ਚਾਹੁੰਦੀ ਹੈ।”[11] ਸੀਮਾ ਆਪਣੇ ਦੰਪਤੀ ਜੀਵਨ ਵਿਚ ਸੁਖੀ ਵੱਸਣਾ ਲੋਚਦੀ ਹੈ। ਸੀਮਾ ਲਈ ਬੀਤੇ ਦਾ ਪਿਆਰ ਕੋਈ ਕਮਜ਼ੋਰੀ ਨਹੀ, ਇਕ ਤਾਕਤ ਹੈ। ਸੀਮਾ ਆਪਣੇ ਘਰ ਪਰਿਵਾਰ ਪ੍ਰਤੀ ਸੁਚੇਤ ਪਾਤਰ ਹੈ। ਉਹ ਕੰਵਲ ਨੂੰ ਆਪਣੇ ਪਰਿਵਾਰ ਪ੍ਰਤੀ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਂਦੀ ਹੈ। “ਬੀਤੇ ਦਿਨਾਂ ਵਿਚ ਰਹਿ ਕੇ ਜ਼ਿੰਦਗੀ ਨਹੀਂ ਕੱਟੀ ਜਾਣੀ। ਆਖਰ ਤੁਹਾਡਾ ਆਪਣੇ ਬੱਚਿਆਂ ਤੇ ਪਤਨੀ ਵੱਲ ਵੀ ਕੋਈ ਫਰਜ਼ ਏ।”[12] ਸੀਮਾ ਵੱਲੋਂ ਕੰਵਲ ਨੂੰ ਇਹ ਨਸੀਹਤ ਵੀ ਦਿੱਤੀ ਜਾਂਦੀ ਹੈ ਕਿ “ਭਟਕਣਾ... ਤੇ ਸ਼ਰਾਬ ਪੀਣੀ ਛੱਡ ਦਿਓ।”[13] ਸੀਮਾ ਦਾ ਸੁਚੇਤਨ ਨਜ਼ਰੀਆਂ ਕੰਵਲ ਨੂੰ ਪ੍ਰਭਾਵਿਤ ਕਰਦਾ ਹੈ। ਸੀਮਾ ਦੇ ਬੋਲਾਂ ਜਾਂ ਸ਼ਬਦਾਂ ਦੇ ਪ੍ਰਭਾਵ ਹੇਠ ਕੰਵਲ ਆਪਣੇ ਘਰ-ਪਰਿਵਾਰ ਵੱਲ ਮੋੜਾ ਕੱਟਦਾ ਹੈ। ਅਜਿਹਾ ਮੋੜਾ ਪਾਠਕ ਮਨ ਉੱਤੇ ਵੀ ਉਸਾਰੂ ਪ੍ਰਭਾਵ ਪਾਉਂਦਾ ਹੈ। ਅਜਿਹੀ ਪ੍ਰੇਰਣਾ ਹੀ ਸਾਹਿਤ ਜਾਂ ਸ਼ਾਬਦਿਕ-ਕਲਾ ਦੀ ਤਾਕਤ ਮੰਨੀ ਜਾਂਦੀ ਹੈ। ਸਾਹਿਤਕਾਰੀ ਜੀਵਨ ਲਈ ਮਲਮ ਵੀ ਹੋ ਸਕਦੀ ਹੈ ਤੇ ਫੱਟ ਲਾਉਣ ਵਾਲੀ ਕਟਾਰ ਵੀ। ਸਾਹਿਤਕ ਕ੍ਰਿਤਾਂ ਨਾਲ ਬੰਦੇ ’ਤੇ ਨਿਖਾਰ ਵੀ ਆ ਸਕਦਾ ਤੇ ਉਲਾਰ ਵੀ। ਇਸ ਨਾਵਲ ਵਿਚ ਕੰਵਲ ਅਖ਼ੀਰ ‘ਹਰੀ ਮਿਰਚ’ ਅਰਥਾਤ ਸੀਮਾ ਦੇ ਨਾ ਮਿਲਣ ’ਤੇ ‘ਲਾਲ ਮਿਰਚ’ ਅਥਵਾ ਪਤਨੀ ਨਾਲ ਪਰਚ ਜਾਂਦਾ ਹੈ।[14] ਨਾਵਲ ਦੇ ਆਖ਼ਿਰ ਵਿਚ ਕੰਵਲ ਵੀ ਸੁਚੇਤਨ ਪਾਤਰ ਵਜੋਂ ਸਮਝੌਤਾਵਾਦੀ ਹੋ ਜਾਂਦਾ ਹੈ। “ਕੰਵਲ ਪਤਨੀ ਵੱਲੋਂ ਮਿਲੇ ਦਸ ਰੁਪਏ ਦੀ ਸ਼ਰਾਬ ਨਹੀਂ ਰਸਗੁੱਲੇ ਖਰੀਦਦਾ” ਹੈ।[15] ਪਰਿਵਾਰ ਵਿਚ ਸਭ ਨਾਲ ਕੁਝ ਸਾਵੀਂ ਤੋਰ ਤੁਰਨ ਲਈ ਸਮਝੌਤੇ ਵੀ ਜ਼ਰੂਰੀ ਹੁੰਦੇ ਹਨ। ਕੰਵਲ ਅਖ਼ੀਰ ਬਾਹਰੀ ਭਟਕਣਾ ਛੱਡ ਕੇ ਇਕ ਜ਼ਿੰਮੇਵਾਰ ਪਤੀ ਤੇ ਬਾਪ ਬਣ ਜਾਂਦਾ ਹੈ। ਉਹ ਬਾਜ਼ਾਰ ਖ੍ਰੀਦੋ-ਫਰੋਖਤ ਕਰਨ ਲਈ ਪਤਨੀ ਦੇ ਨਾਲ ਜਾਂਦਾ ਹੈ। ਅਖ਼ੀਰ ਉਹ ਪਰਿਵਾਰ ਲਈ ਨਵਾਂ ਘਰ ਵੀ ਖਰੀਦਦਾ ਹੈ। ਸਮੁੱਚੇ ਨਾਵਲ ਵਿਚ ਨਾਵਲਕਾਰ ਦਾ ਪਰਿਵਾਰ ਪ੍ਰਤੀ ਵਫ਼ਾਦਾਰੀ ਵਾਲਾ ਪੈਂਤੜਾ ਸਪੱਸ਼ਟ ਹੈ। ਕੰਵਲ ਦੀ ਪ੍ਰੇਮੀ ਵਜੋਂ ਹਾਰ ਪਰਿਵਾਰਕ ਨੁਕਤੇ ਤੋਂ ਸਫ਼ਲਤਾ ਵਰਗੀ ਹੈ। ਸਪੱਸ਼ਟ ਹੈ ਕਿ ਜੀਵਨ ਵਿਚ ਜਿੱਤ ਹੀ ਨਹੀਂ, ਕਈ ਵਾਰ ਹਾਰ ਵੱਧ ਕਾਰਗਰ ਸਿੱਧ ਹੁੰਦੀ ਹੈ। “ਸਾਹਿਤ ਵਿਚ ਅਜਿਹੀ ਸੁਚੇਤਨਾ ਇਕ ਬੌਧਿਕ ਨਜ਼ਰੀਆ ਹੈ ਜਿਸ ਤਹਿਤ ਪਾਤਰ ਆਪਣੀਆਂ ਸਮੱਸਿਆਵਾਂ ਉੱਤੇ ਕਾਬੂ ਪਾ ਲੈਂਦੇ ਹਨ।”[16] ਜੀਵਨ ਦਾ ਵਿਹਾਰੀ ਸੱਚ ਵੀ ਇਹ ਹੈ ਕਿ ਘਰ-ਪਰਿਵਾਰ ਭਾਵੁਕਤਾ ਦੇ ਵਹਿਣ ਜਾਂ ਮਨਮਰਜ਼ੀਆਂ ਦੀ ਜਿੱਦ ਵਿਚ ਨਹੀਂ, ਅਕਲ-ਸਮਝ ਦੇ ਸੰਤੁਲਨ ਨਾਲ ਚੱਲਦੇ ਹਨ। ਨਾਵਲਕਾਰ ਵੱਲੋਂ ਨਾਵਲ ਵਿਚ ਅਜਿਹੀ ਵਿਹਾਰਕ ਸਮਝ ਦੀ ਤਰਫ਼ਦਾਰੀ ਕੀਤੀ ਗਈ ਹੈ।


**www.sanvad.org**
ISSN : 2395-1273

ਦੂਜਾ ਦੰਪਤੀ ਜੋੜਾ ਸਤਪਾਲ ਤੇ ਸੀਮਾ ਦਾ ਹੈ। ਇਹ ਜੋੜਾ ਆਪੋ ਵਿਚ ਪੂਰੀ ਤਰ੍ਹਾਂ ਸੁਹਿਰਦ ਤੇ ਵਫ਼ਾਦਾਰ ਹੈ। ਇਹ ਦੋਵੇਂ ਆਪਣੇ ਪਰਿਵਾਰਕ ਜੀਵਨ ਦੀ ਖ਼ੁਸ਼ਹਾਲੀ ਲਈ ਯਤਨਸ਼ੀਲ ਹਨ। ਸੀਮਾ ਦੇ ਪਤੀ ਸਤਪਾਲ ਉੱਤੇ ਕਦੀ ਬੀਮਾਰੀ, ਉਦਾਸੀ ਅਤੇ ਬੇਕਾਰੀ ਦਾ ਸਮਾਂ ਸੀ। ਉਹ ਕਦੀ ਮਤ੍ਰੇਈ ਮਾਂ ਦੀਆਂ ਵਧੀਕੀਆਂ ਤੋਂ ਵੀ ਪੀੜਿਤ ਸੀ। ਪਰ ਸਤਪਾਲ ਨਾ ਸ਼ੱਕੀ ਪਤੀ ਹੈ ਤੇ ਨਾ ਹੀ ਘਰ-ਪਰਿਵਾਰ ਪ੍ਰਤੀ ਗ਼ੈਰ-ਜ਼ਿੰਮੇਵਾਰ। ਉਹ ਕੰਵਲ ਨਾਲ ਲੱਕੜੀ ਦੇ ਸ਼ੁਰੂ ਕੀਤੇ ਸਾਂਝੇ ਕਾਰੋਬਾਰ ਨਾਲ ਆਰਥਿਕ ਸੰਤੁਸ਼ਟੀ ਨੂੰ ਪਹੁੰਚਦਾ ਹੈ। ਘਰ ਵਿਚ ਖ਼ੁਸ਼ਹਾਲੀ ਆ ਜਾਣ ਨਾਲ ਸੀਮਾ ਦਾ ਵਿਹਾਰ ਵੀ ਵਧੇਰੇ ਠਰੰਮੇ ਤੇ ਖੁੱਲ੍ਹਦਿਲੀ ਵਾਲਾ ਹੋ ਜਾਂਦਾ ਹੈ। ਅਜਿਹੇ ਵੇਰਵੇ ਜੀਵਨ ਦੀ ਨਿਰਵਿਘਨ ਸਾਂਵੀ ਤੋਰ ਲਈ ਆਰਥਿਕਤਾ ਦੇ ਵੱਡੇ ਮਹੱਤਵ ਨੂੰ ਦ੍ਰਿੜ ਕਰਦੇ ਹਨ। ਇਹਨਾਂ ਦੋ ਜੋੜਿਆਂ ਦੇ ਸਮਾਂਨਤਰ ਤੀਸਰਾ ਜੋੜਾ ਸੁਧੀਰ ਤੇ ਉਸਦੀ ਪਤਨੀ ਦਾ ਹੈ। ਇਹ ਕਾਫ਼ੀ ਹੱਦ ਤੱਕ ਹਰ ਪੱਖ ਤੋਂ ਸਾਵੀਂ-ਪੱਧਰੀ ਜ਼ਿੰਦਗੀ ਜਿਊਂਦਾ ਸੰਤੁਸ਼ਟ ਜੋੜਾ ਹੈ। ਸੁਧੀਰ ਉਸਾਰੂ ਸਾਹਿਤ ਲਿਖਣ ਤੇ ਪੜ੍ਹਣ ਵਿਚ ਯਕੀਨ ਰੱਖਦਾ ਹੈ। ਇਹ ਆਪਣੇ ਦਰਮਿਆਨੇ ਆਰਥਿਕ ਪਿਛੋਕੜ ਨੂੰ ਸਮਝਦਾ ਹੈ। ਇਸ ਕਰਕੇ ਇਹ ਆਪਣੇ ਕੋਲ ਟਵੀਸ਼ਨ ਪੜ੍ਹਦੀ ਅਮੀਰ ਲੜਕੀ ਨਾਲ ਵਿਆਹ ਕਰਨ ਤੋਂ ਨਾਂਹ ਕਰ ਦੇਂਦਾ ਹੈ। ਸੁਧੀਰ ਨੂੰ ਵੀ ਸੀਮਾ ਵਾਂਗ ਆਪਣੇ ਬੀਤੇ ਪਿਆਰ ਦਾ ਕੋਈ ਗਮ ਜਾਂ ਤਣਾਅ ਨਹੀਂ ਹੈ। ਉਹ ਵੀ ਆਪਣੀ ਪਤਨੀ ਤੇ ਬੱਚਿਆਂ ਨਾਲ ਪ੍ਰਸੰਨ ਜੀਵਨ ਜਿਉਂਦਾ ਹੈ। ਕੰਵਲ ਜਿਥੇ ਸੀਮਾ ਨੂੰ ਟਵੀਸ਼ਨ ਪੜ੍ਹਾਉਂਦਾ ਹੋਇਆ ਭਾਵੁਕਤਾ ਦੇ ਵਹਿਣ ਵਿਚ ਵਹਿ ਜਾਂਦਾ ਹੈ, ਉਥੇ ਸੁਧੀਰ ਦੁਨਿਆਵੀਂ ਤੌਰ ’ਤੇ ਆਪਣੀਆਂ ਹਕੀਕਤਾਂ ਦੇ ਸਨਮੁਖ ਅਜਿਹੇ ਕਿਸੇ ਵਹਿਣ ਤੋਂ ਪਾਸਾ ਵੱਟ ਲੈਂਦਾ ਹੈ। ਸੀਮਾ, ਸਤਪਾਲ ਤੇ ਸੁਧੀਰ ਆਪੋ-ਆਪਣੇ ਦੰਪਤੀ ਜੀਵਨ ਦੀਆਂ ਖੁਸ਼ੀਆਂ ਲਈ ਯਤਨਸ਼ੀਲ ਰਹਿੰਦੇ ਹਨ। ਉਂਜ ਸੁਧੀਰ ਸਾਹਿਤਕਾਰਾਂ ਵਾਂਗ ਸਮਾਜ ਤੋਂ ਸੰਤੁਸ਼ਟ ਨਹੀਂ ਹੈ। ਉਹ ਸਾਹਿਤ ਦੀ ‘ਪ੍ਰਯੋਗਸ਼ੀਲ ਲਹਿਰ’ ਤੋਂ ਪ੍ਰਭਾਵਿਤ ਕਵੀ ਹੈ। ਇਸ ਕਰਕੇ ਸੁਧੀਰ ਦੀ ਔਖੀ ਕਵਿਤਾ ਆਮ ਪਾਠਕ ਦੀ ਸਮਝ ਤੋਂ ਉਤਾਂਹ ਦੀ ਹੈ। ਇਹ ਪ੍ਰਯੋਗਸ਼ੀਲ ਸਾਹਿਤ ਉੱਤੇ ਕਾਟਵਾਂ ਵਿਅੰਗ ਹੈ। ਸੁਧੀਰ ਦੇ ਮੁਕਾਬਲੇ ਗੁਲਸ਼ਨ ਨਾਂ ਦੇ ਪਾਤਰ ਦੀ ਬਿਲਕੁਲ ਵੱਖਰੀ ਤਬੀਅਤ ਹੈ। ਗੁਲਸ਼ਨ ਸ਼ਹਿਰ ਵਿਚ ‘ਸੌ-ਤੀਵਿਆਂ ਦਾ ਤਜਰਬਾ’ ਹਾਸਿਲ ਕਰਨਾ ਚਾਹੁੰਦਾ ਹੈ। ਉਹ ਘਰ ਨਹੀਂ, ਕਮਰੇ ਜਾਂ ਕਮਰਿਆਂ ਵਿਚ ਰਹਿਣ ਦਾ ਹਾਮੀ ਹੈ। ਉਹ ਪਰਿਵਾਰ ਜਾਂ ਵਿਆਹੁਤਾ ਜੀਵਨ ਤੋਂ ਮੁਨਕਰ ਹੈ। ਉਹ ਸ਼ਰਾਬ ਅਤੇ ਵੇਸਵਾਵਾਂ ਦੇ ਅੱਡਿਆਂ ਉੱਤੇ ਘੁੰਮਦਾ ਰਹਿੰਦਾ ਹੈ। ਗੁਲਸ਼ਨ ਲਈ ਔਰਤ ਇਕ ਕਾਮ-ਵਸਤੂ ਹੈ। ਉਹ “ਔਰਤ ਨੂੰ ਸ਼ਰਾਬ ਦੀ ਬੋਤਲ ਵਾਂਗ ਪੀਣ, ਖਾਲੀ ਕਰਨ ਤੇ ਸੁੱਟ ਦੇਣ ਵਿਚ ਵਿਸ਼ਵਾਸ ਰੱਖਦਾ ਹੈ।”[17] ਉਹ ਮਹਾਂ-ਨਗਰੀ ਰੁਚੀਆਂ ਦੇ ਦੇਹ-ਸੁਆਦੀ ਮੁੱਲਾਂ ਦੀ ਪ੍ਰਤਿਨਿਧ ਮਿਸਾਲ ਹੈ। ਕੰਵਲ ਦਾ ਸੁਧੀਰ ਤੇ ਗੁਲਸ਼ਨ ਦੋਨਾਂ ਨਾਲ ਮੇਲ-ਮਿਲਾਪ ਹੈ। ਸੁਧੀਰ ਹਮੇਸ਼ਾ ਕੰਵਲ ਨੂੰ ਆਪਣੇ ਘਰ-ਪਰਿਵਾਰ ਲਈ ਵਫ਼ਾਦਾਰ ਰਹਿਣ ਲਈ ਪ੍ਰੇਰਿਤ ਕਰਦਾ ਹੈ। ਪਰ ਗੁਲਸ਼ਨ ਆਪਣੇ ਵਾਂਗ ਕੰਵਲ ਨੂੰ ਵੀ ਔਰਤ ਤੇ ਨਸ਼ੇ ਦਾ ਰਸ ਮਾਨਣ ਵੱਲ ਖਿੱਚਦਾ ਹੈ। ਇਨ੍ਹਾਂ ਸਾਰੇ ਜੋੜਿਆਂ ਜਾਂ ਪਾਤਰਾਂ ਨੂੰ ਕੋਈ ਵੱਡੀ ਆਰਥਿਕ ਸਮੱਸਿਆ ਨਹੀਂ ਹੈ। ਜਿਉਂ ਹੀ ਕੇਂਦਰੀ ਪਾਤਰ ਕੰਵਲ ਘਰ-ਪਰਿਵਾਰ ਪ੍ਰਤੀ ਵਫ਼ਾਦਾਰੀ ਵਾਲਾ ਮੋੜਾ ਕੱਟਦਾ ਹੈ, ਤਾਂ ਉਹ ਖ਼ੁਸ਼ਹਾਲ ਹੋਇਆ ਵਿਖਾਈ ਦੇਂਦਾ ਹੈ। ਇਹ ਨਾਵਲ ਸ਼ਹਿਰੀ ਮੱਧ-ਸ਼੍ਰੇਣੀ ਦੇ ਯਥਾਰਥ ਨਾਲ ਸੰਬੰਧਿਤ ਹੈ। ਇਸ ਸ਼੍ਰੇਣੀ ਦੀਆਂ ਵਧੇਰੇ ਸਮੱਸਿਆਵਾਂ ਆਪਣੀਆਂ ਸੋਚਾਂ ਦੇ ਨਜ਼ਰੀਏ ਕਾਰਨ ਹਨ। ਉਪਰੋਕਤ ਸਾਰੇ ਪਾਤਰਾਂ ਦੀ ਵੱਖੋ-ਵੱਖਰੀ ਰੰਗਤ ਨਾਲ ਮਹਾਂਨਗਰੀ ਵੰਨ-ਸੁਵੰਨਤਾ ਦੀ ਗਲਪੀ ਤਸਵੀਰ ਪੇਸ਼ ਹੋਈ ਹੈ। ਗਲਪੀ ਤੋਂ ਭਾਵ ਵਾਸਤਵਿਕਤਾ ਤੇ ਕਲਪਨਾ ਦੇ ਰਲਵੇਂ ਸੁਮੇਲ ਤੋਂ ਹੈ।

ਨਾਵਲ ਵਿਚ ਵਿਆਹ-ਬਾਹਰੇ ਸੰਬੰਧ ਆਪਣੇ ਤੇ ਹੋਰਨਾਂ ਲਈ ਮੁਸੀਬਤਾਂ ਦਾ ਸਬੱਬ ਮੰਨੇ ਗਏ ਹਨ। ਨਾਵਲ ਵਿਚ ਸੁਧੀਰ ਤੇ ਸੀਮਾ ਸੁਚੇਤਨ ਨਜ਼ਰੀਏ ਦੇ ਤਰਫ਼ਦਾਰ ਹਨ। ਗਰਦਸ਼ ਨਾਵਲ ਆਪਣੇ ਅੰਤਲੇ ਪ੍ਰਭਾਵ ਵਜੋਂ ਇਕ ਸੁਖਾਂਤ ਰਚਨਾ ਹੈ। ਪਰ ਪਾਠਕ ਨੂੰ ਕੰਵਲ ਵਰਗੇ ਪਾਤਰਾਂ ਦਾ ਕਦੀ ਵੀ ਇਹ ਆਪਣੇ ਸੰਤੁਲਨ ਤੋਂ ਮੁੜ ਡੋਲ ਜਾਣ ਸੰਬੰਧੀ ਧੁੜਕੂ ਲੱਗਾ ਰਹਿੰਦਾ ਹੈ। ਇਸ ਕਰਕੇ ਇਹ ਨਾਵਲ ਪੂਰਨ ਸੁਖਾਂਤ ਨਾ ਹੋ ਕੇ ਜੀਵਨ ਸੁੱਖਾਂ-ਦੁੱਖਾਂ ਦੇ ਚੱਲਦੇ ਰਹਿਣ ਸੰਬੰਧੀ ਕੁਝ ਮਿਸ਼ਰਤ ਪ੍ਰਭਾਵ ਵਾਲੀ ਰਚਨਾ ਹੈ।

ਗਰਦਸ਼ ਨਾਵਲ ਵਿਚ ਮਹਾਂਨਗਰੀ ਆਂਚਲਿਕਤਾ ਪੇਸ਼ ਹੋਈ ਹੈ। ਆਂਚਲਿਕਤਾ ਤੋਂ ਭਾਵ ਕਿਸੇ ਖਿੱਤੇ ਦੀ ਸਾਂਸਕ੍ਰਿਤਿਕ ਤੇ ਲੋਕਧਾਰਾਈ ਦਿੱਖ ਤੋਂ ਹੈ। ਇਸ ਨੂੰ ਕਿਸੇ ਖਿੱਤੇ ਦੀ ਵਿਸ਼ੇਸ਼ ਜੀਵਨ-ਜਾਚ ਮੰਨਿਆ ਜਾਂਦਾ ਹੈ। ਆਂਚਲਿਕਤਾ ਕੇਵਲ ਪਿੰਡ ਦੀ ਹੀ ਨਹੀਂ, ਮਹਾਂਨਗਰੀ ਸ਼ਹਿਰਾਂ ਦੀ ਵੀ ਹੁੰਦੀ ਹੈ। ਮਹਾਂਨਗਰਾਂ ਵਿਚ ਭੀੜਾਂ ਹਨ, ਪਰ ਸਾਂਝਾਂ ਨਹੀਂ ਹਨ। ਇਕ-ਦੂਜੇ ਨਾਲ ਸੰਬੰਧ ਹਨ, ਪਰ ਲਗਾਵ ਕੋਈ ਨਹੀਂ ਹੈ। ਮਹਾਂਨਗਰਾਂ ਵਿਚ ਸੜਕਾਂ, ਹੋਟਲ, ਸਿਨੇਮੇ, ਕਲੱਬ, ਕਮਰੇ, ਵੇਸਵਾ ਤੇ ਸ਼ਰਾਬ ਦੇ ਅੱਡੇ ਹਨ। ਇਹ ਥਾਂਵਾਂ ਮਹਾਂਨਗਰੀ ਬੰਦੇ ਦੇ ਸੁਆਦ ਪੂਰੇ ਕਰਨ ਦੇ ਪਿੜ ਹਨ। ਪਰ ਇਸ ਦੇ ਬਾਵਜੂਦ ਪਾਤਰਾਂ ਨੂੰ ਸੰਤੁਸ਼ਟੀ ਨਹੀਂ ਹੈ। ਹਰੇਕ ਆਪਣੇ ਆਪ ਨੂੰ ਬਿਗਾਨਿਆਂ

ਦੀ ਭੀੜ ਵਿਚ ਫਸਿਆ ਮਹਿਸੂਸ ਕਰਦਾ ਹੈ। "ਸ਼ਹਿਰ, ਜਿਸ ਵਿਚ ਕੋਈ ਕਿਸੇ ਦਾ ਨਹੀਂ ਏ। ਹਰ ਕੋਈ ਨੱਸਾ-ਭੱਜਾ ਜਾ ਰਿਹਾ ਏ। ਹਰ ਕਿਸੇ ਨੂੰ ਵਖ਼ਤ ਪਿਆ ਹੋਇਆ ਏ। ਭਾਜੜ। ਭਾਜੜ।"[18] "ਮਹਾਂਨਗਰ ਵਿਚ ਖਿੰਡਰੇ ਹੋਏ ਘਰਾਂ ਦੀਆਂ ਉੱਘੜ-ਦੁੱਘੜ ਬਸਤੀਆਂ ਹਨ।"[19] ਸ਼ਹਿਰ ਦੀ ਬਣਾਵਟ ਜਾਂ ਬਣਤਰ ਵੀ ਬੇ-ਤਰਤੀਬੀ ਹੈ। ਔਰਤ ਜਗਤ-ਜਣਨੀ ਦੀ ਥਾਂ ਭੋਗ-ਵਿਲਾਸ ਦਾ ਸਾਧਨ ਸਮਝੀ ਜਾਂਦੀ ਹੈ। ਨਿੱਜ-ਮੁਖੀ ਤੇ ਗਰਜ-ਮੁਖੀ ਵਰਤਾਰਾ ਹੈ। ਨੈਤਿਕਤਾ ਦਾ ਕੋਈ ਬੰਧੇਜ਼ ਨਹੀਂ ਹੈ। ਸ਼ਹਿਰ ਵਿਚ ਬੇਕਾਰੀ ਵੀ ਹੈ ਪਰ ਕੰਮ ਵੀ ਮਿਲ ਜਾਂਦਾ ਹੈ। ਕਿੱਤਾ ਤਬਦੀਲੀ ਸੌਖੀ ਹੈ। ਸੀਮਾ ਦੀ ਭੈਣ ਦਾ ਪਤੀ ਫਿਟਰ ਤੋਂ ਕਾਰਖਾਨੇਦਾਰ ਬਣ ਜਾਂਦਾ ਹੈ। "ਬੰਬਈ ਸ਼ਹਿਰ ਇਕੋ ਹੀ ਸਮੇਂ ਸੰਭਾਵਨਾਵਾਂ-ਭਰਪੂਰ ਅਤੇ ਸਮੱਸਿਆਵਾਂ-ਭਰਪੂਰ ਹੈ।"[20] ਮਹਾਂਨਗਰੀ ਮਾਹੌਲ ਵਿਚ ਸਤਪਾਲ ਨੂੰ ਆਪਣੀ ਪਤਨੀ (ਸੀਮਾ) ਦੇ ਪ੍ਰੇਮੀ (ਕੰਵਲ) ਨਾਲ ਕਾਰੋਬਾਰ ਕਰਨ ਵਿਚ ਕੋਈ ਝਿਜਕ ਨਹੀਂ ਹੈ। ਨਾ ਹੀ ਸਤਪਾਲ ਨੂੰ ਕੰਵਲ ਦੇ ਘਰ ਆਉਣ 'ਤੇ ਕੋਈ ਉਜਰ ਜਾਂ ਇਤਰਾਜ਼ ਹੈ। ਗੁਲਸ਼ਨ ਲਈ ਮਹਾਂਨਗਰ ਇਕ ਭੋਗ-ਵਿਲਾਸ ਦਾ ਜੰਗਲ ਹੈ। ਮਹਾਂਨਗਰੀ ਔਰਤ ਨੂੰ ਖੁੱਲ੍ਹਾਂ ਹਨ, ਪਰ ਮਾਨ-ਸਨਮਾਨ ਘੱਟ ਹੈ। ਬਹੁਤੇ ਸ਼ਹਿਰੀ ਬੰਦੇ ਜਾਂ ਪਾਤਰ ਬੇ-ਪਛਾਣ ਹਨ। ਸੀਮਾ ਦੀ ਭੈਣ, ਕੰਵਲ ਦੀ ਪਤਨੀ, ਸੁਧੀਰ ਦੀ ਪਤਨੀ ਅਤੇ ਸਤਪਾਲ ਦੇ ਮਾਂ-ਪਿਉ ਵਗੈਰਾ ਪਾਤਰਾਂ ਦਾ ਵੇਰਵਾ ਤਾਂ ਹੈ, ਪਰ ਇੰਨ੍ਹਾਂ ਦੇ ਨਾਵਾਂ ਸੰਬੰਧੀ ਕੋਈ ਜ਼ਿਕਰ ਨਹੀਂ ਹੈ। ਸ਼ਹਿਰ ਦੀ ਨਵੀਂ-ਨਵੀਂ ਆਰਥਿਕ ਖੁਸ਼ਹਾਲੀ ਬੰਦੇ ਦੀ ਚਾਲ-ਢਾਲ ਬਦਲ ਲੈਂਦੀ ਹੈ। ਕੰਵਲ ਦੀ ਭੈਣ ਸੀਮਾ ਅਜਿਹੇ ਸੱਚ ਦਾ ਪ੍ਰਤਿਨਿਧ ਪ੍ਰਗਟਾ ਹੈ। ਸੀਮਾ ਦੀ ਭੈਣ ਦਾ ਵੀ ਕਦੀ ਕੰਵਲ ਵੱਲ ਝੁਕਾਅ ਸੀ। ਪਰ ਕੰਵਲ ਹਮੇਸ਼ਾ ਸੀਮਾ ਨੂੰ ਪਹਿਲ ਦੇਂਦਾ ਹੈ। ਇਸ ਦੇ ਸਿੱਟੇ ਵਜੋਂ ਭੈਣ ਬਾਅਦ ਵਿਚ ਸੀਮਾ ਨੂੰ ਨੀਵਾਂ ਦਿਖਾਉਣ ਲਈ ਆਪਣੀ ਖੁਸ਼ਹਾਲੀ ਦਾ ਰੋਅਬ ਵਿਖਾਉਂਦੀ ਹੈ। ਇਸ ਤਰ੍ਹਾਂ ਨਜ਼ਦੀਕੀ ਰਿਸ਼ਤਿਆਂ ਵਿਚ ਵੀ ਕਿਵੇਂ ਰੰਜਸ਼ਾਂ ਦੀ ਦਰਾੜ ਪੈ ਜਾਂਦੀ ਹੈ, ਇਸ ਪੱਖ ਤੋਂ ਵੀ ਇਹ ਯਥਾਰਥਕ ਮੁਹਾਂਦਰੇ ਵਾਲੀ ਅਹਿਮ ਰਚਨਾ ਹੈ।

**ਗਰਦਸ਼** ਦੇ ਨਾਲ-ਨਾਲ ਸੁਖਬੀਰ ਦੇ ਹੋਰਨਾਂ ਨਾਵਲਾਂ **ਪਾਣੀ ਤੇ ਪੁੱਲ** (1964), **ਰਾਤ ਦਾ ਚਿਹਰਾ** (1965), **ਸੜਕਾਂ ਤੇ ਕਮਰੇ** (1970), **ਉਖੜੇ ਹੋਏ ਪੈਰ** (1974) ਤੇ **ਅੱਧੇ-ਪੌਣੇ** (1981) ਵਿਚ ਵੀ ਮਹਾਂਨਗਰੀ ਸੰਸਕ੍ਰਿਤੀ ਦੇ ਯਥਾਰਥ ਦੀਆਂ ਵੱਖ-ਵੱਖ ਪਰਤਾਂ ਪੇਸ਼ ਹੋਈਆਂ ਹਨ। ਸੁਖਬੀਰ ਮਹਾਂਨਗਰੀ ਯਥਾਰਥ ਦੇ ਪ੍ਰਵਾਹ ਨੂੰ ਪੇਸ਼ ਕਰਨ ਵਾਲਾ ਸਾਡਾ ਪਹਿਲਾ ਵੱਡਾ ਨਾਵਲਕਾਰ ਹੈ। ਗਰਦਸ਼ ਨਾਵਲ ਵਾਲੇ ਸਾਰੇ ਬਿਰਤਾਂਤਕ ਮੋਟਿਫ਼ (ਇਕੱਲਤਾ, ਬੇਗਾਨਗੀ, ਭਾਵੁਕ ਵਿਗੋਚੇ, ਸੜਕਾਂ, ਕਮਰੇ, ਜੂਏ ਦੇ ਅੱਡੇ, ਵੇਸਵਾ ਬਿਰਤੀ, ਉਸਾਰੂ ਤੇ ਬਾਜ਼ਾਰੂ ਸਾਹਿਤ ਵਗੈਰਾ) ਸੁਖਬੀਰ ਦੇ ਹੋਰਨਾਂ ਨਾਵਲਾਂ ਵਿਚ ਵੀ ਪੇਸ਼ ਹੋਏ ਹਨ। ਹਰ ਸਾਹਿਤਕਾਰ ਦੀ ਆਪਣੇ ਅਨੁਭਵ ਦੀ ਇਕ ਸਮੁੱਚੀ ਸਾਹਿਤਕ ਤੇ ਜੀਵਨ ਦ੍ਰਿਸ਼ਟੀ ਹੁੰਦੀ ਹੈ, ਜੋ ਅਕਸਰ ਹੀ ਕਿਤੇ ਛੋਟੇ ਤੇ ਕਿਤੇ ਵੱਡੇ ਰੂਪ ਵਿਚ ਉਸ ਸਾਹਿਤਕਾਰ ਦੀਆਂ ਰਚਨਾਵਾਂ ਵਿਚ ਸੁਭਾਇਮਾਨ ਰਹਿੰਦੀ ਹੈ। ਸੁਖਬੀਰ ਦੇ ਨਾਵਲਾਂ ਦਾ ਮਹਾਂਨਗਰੀ ਯਥਾਰਥ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਪਹਿਲਾ ਵਿਲੱਖਣ ਵਰਤਾਰਾ ਹੈ। ਇਸ ਕਰਕੇ "ਸੁਖਬੀਰ ਨੂੰ ਮਹਾਂਨਗਰੀ ਵੇਰਵਿਆਂ ਦੀ ਪਛਾਣ ਅਤੇ ਇਨ੍ਹਾਂ ਦੇ ਨੇੜਲੇ ਅਨੁਭਵ ਵਾਲਾ ਪ੍ਰਤਿਰੂਪਕ ਗਲਪ ਸਿਰਜਣ ਵਾਲੇ ਨਾਵਲਕਾਰ ਵਜੋਂ ਪੂਰੀ ਮਾਨਤਾ ਹੈ।"[21]

ਗਰਦਸ਼ ਨਾਵਲ ਦੀ ਬਿਰਤਾਂਤ ਯੋਜਨਾ ਲਕੀਰੀ ਨਹੀਂ ਹੈ। ਨਾਵਲੀ ਕਥਾ ਕੰਵਲ ਦੀ ਜ਼ਿੰਦਗੀ ਦੇ ਕੁਝ ਬੀਤੇ ਪੜਾਅ ਤੋਂ ਆਰੰਭ ਹੁੰਦੀ ਹੈ। ਨਾਵਲੀ ਬਿਰਤਾਂਤ ਵਿਚ ਅੰਤਰ-ਪਾਠ ਦੇ ਰੂਪ ਵਿਚ ਕੁਝ ਖ਼ਤਾਂ ਦੇ ਵੇਰਵੇ ਹਨ, ਜੋ ਨਾਵਲੀ ਬਣਤਰ ਵਿਚ ਵਿਸ਼ੇਸ਼ ਬੁਣਤੀ ਵਜੋਂ ਪੇਸ਼ ਹੋਏ ਹਨ। ਹੈਮਿੰਗਵੇ ਦੀ ਸੰਸਾਰ ਪ੍ਰਸਿੱਧ ਰਚਨਾ "ਬੁੱਢਾ ਤੇ ਸਮੁੰਦਰ"[22] ਦਾ ਵੀ ਜ਼ਿਕਰ ਹੈ। ਸੁਖਬੀਰ ਅਜਿਹੇ ਸ਼ਾਹਕਾਰ ਨਾਵਲ ਦੀ 'ਸ਼ਬਦ-ਕੂਲੀ ਵਾਰਤਕ' ਦਾ ਕਾਇਲ ਹੈ। ਸੁਖਬੀਰ ਦੀ ਆਪਣੀ ਭਾਸ਼ਾ ਵੀ ਹੈਮਿੰਗਵੇ ਦੇ ਨਾਵਲ ਵਾਂਗ ਕੋਮਲ ਵੀ ਹੈ ਤੇ ਕਾਵਿਕ ਵੀ। ਸਮੁੱਚੀ ਨਾਵਲੀ ਪਾਤਰਾਂਵਲੀ ਵਿਚ ਨਾ ਕੋਈ ਨਾਇਕ ਹੈ ਤੇ ਨਾ ਕੋਈ ਅਨਾਇਕ। ਨਾ ਕੋਈ ਆਦਰਸ਼ਕ ਪਾਤਰ ਹੈ ਤੇ ਨਾ ਕੋਈ ਖਲ-ਪਾਤਰ। ਉਂਜ ਓਪਰੀ ਨਜ਼ਰੇ ਨਾਵਲੀ ਪਾਤਰ ਇਕਤਰਫ਼ੇ ਪ੍ਰਭਾਵ ਵਾਲੇ ਜਾਪਦੇ ਹਨ। ਸੁਧੀਰ, ਸਤਪਾਲ ਤੇ ਸੀਮਾ ਵਰਗੇ ਪਾਤਰਾਂ ਨੂੰ ਘਰ-ਪਰਿਵਾਰ ਲਈ ਸਮਝਦਾਰੀ ਦੇ ਮੁੱਜਸਮੇ ਵਜੋਂ ਪੇਸ਼ ਕੀਤਾ ਗਿਆ ਹੈ। ਗੁਲਸ਼ਨ ਇਕ ਵਿਗੜੇ ਨਜ਼ਰੀਏ ਵਾਲਾ ਪਾਤਰ ਹੈ। ਕੰਵਲ ਦੇ ਵਰਤਾਰੇ ਵਿਚ ਜ਼ਿਆਦਾਤਰ ਭਾਵੁਕ ਵਿਗੋਚੇ ਦਾ ਮਾਨਸਿਕ ਉਲਾਰ ਹੈ। ਪਰ ਸਤਪਾਲ ਸ਼ਰਾਬ ਦੇ ਨਸ਼ੇ ਵਿਚ ਆਪਣੀ ਹੋਸ਼ ਗਵਾ ਲੈਂਦਾ ਹੈ। ਸੁਧੀਰ ਦਾ ਸਾਹਿਤਕ ਨਜ਼ਰੀਆ ਆਮ ਲੋਕਾਂ ਦੀ ਸਮਝ ਤੋਂ ਉਚੇਰਾ ਹੈ। ਸੀਮਾ ਵਿਆਹ ਤੋਂ ਬਾਅਦ ਵੀ ਆਪਣੀਆਂ ਲੋੜਾਂ-ਗਰਜਾਂ ਲਈ ਕੰਵਲ ਨੂੰ ਮਿਲਣਾ ਜਾਰੀ ਰੱਖਦੀ ਹੈ। ਅਜਿਹਾ ਵਿਹਾਰ ਪਾਤਰਾਂ ਦੀ ਇਕਹਿਰੀ ਪਰਤ ਨੂੰ ਭੰਗ ਕਰਦਾ ਹੈ। ਇਸ ਕਰਕੇ ਇਨ੍ਹਾਂ ਬਹੁਤੇ ਪਾਤਰਾਂ ਨੂੰ ਕੇਵਲ ਚਿੱਟੇ ਜਾਂ ਕਾਲੇ ਰੰਗ ਦੀ ਇਕ-ਤਰਫ਼ੀ ਕੋਟੀ ਵਿਚ ਰੱਖਣਾ ਮੁਸ਼ਕਲ ਹੈ। ਸਾਰੇ ਪਾਤਰ


ISSN : 2395-1273

ਜੀਵਨ ਦੇ ਅਮਲੀ ਰੂਪ ਵਿਚ ਗੁਣਾਂ-ਔਗੁਣਾਂ ਦਾ ਸੁਮੇਲ ਹਨ। ਇਹ ਪਾਤਰ ਆਮ ਮਨੁੱਖਾਂ ਤੋਂ ਜਰਾ ਵੱਖਰੇ ਜਾਂ ਉਚੇਰੇ ਹੁੰਦੇ ਹੋਏ ਨਾਵਲੀਅਤਾ ਦਾ ਗਲਪੀ ਰੂਪ ਹਨ। ਸਾਹਿਤ ਦੀ ਹਰ ਕਲਾ-ਕ੍ਰਿਤ ਸਮਾਜ ਦੇ ਸੱਚ ਜਾਂ ਯਥਾਰਥ ਦਾ ਭੁਲਾਵਾ ਹੁੰਦੀ ਹੈ। ਇਸ ਕਰਕੇ ਹਰ ਰਚਨਾ ਦਾ ਸਮਾਜ ਤੋਂ ਆਪਣਾ ਨਿਵੇਕਲਾ ਰੂਪ ਵੀ ਹੁੰਦਾ ਹੈ। ਨਾਵਲੀ ਪਾਤਰਾਂ ਦੇ ਨਾਮ ਵਿਚੋਂ ਹੀ ਉਨ੍ਹਾਂ ਦੇ ਵਿਹਾਰ ਦੇ ਝੌਲੇ ਪੈਂਦੇ ਹਨ। ਸੀਮਾ ਇਕ ਵਿਆਹੁਤਾ ਔਰਤ ਦੀ ਸੀਮਾ/ਹੱਦ ਮੁਤਾਬਕ ਵਿਚਰਦੀ ਹੈ। ਸੁਧੀਰ ਸਮਾਜ-ਸੁਧਾਰ ਦੀ ਸੁਧਾਰਕ ਭਾਵਨਾ ਵਾਲਾ ਪਾਤਰ ਹੈ। ਸਤਪਾਲ ਜੀਵਨ ਦੇ ਸੱਚ (ਸਤ) ਦੀ ਖਿੜੇ ਮੱਥੇ ਪਾਲਣਾ ਕਰਨ ਵਾਲਾ ਪਾਤਰ ਹੈ। ਗੁਲਸ਼ਨ ਵੱਖ-ਵੱਖ ਤਰ੍ਹਾਂ ਦੇ ਸ਼ਹਿਰੀ ਗੁਲਸ਼ਨ ਅਰਥਾਤ ਫੁੱਲਾਂ ਦਾ ਰਸੀਆ ਹੈ। ਕੇਂਦਰੀ ਪਾਤਰ ਵਿਚ ਇਕ ਪ੍ਰੇਮੀ ਵਜੋਂ ਸਦਾ ਕੰਵਲ ਫੁੱਲ ਵਾਂਗ ਖਿੜਣ ਦੀ ਲਾਲਸਾ ਜ਼ਾਰੀ ਰਹਿੰਦੀ ਹੈ। ਨਾਵਲ ਦੀ ਵਿਸ਼ੇਸ਼ ਕਿਸਮ ਦੀ ਚੁਸਤ ਤੇ ਛੋਟੀ-ਛੋਟੀ ਕਾਵਿਕ-ਭਾਸ਼ਾ ਹੈ। ਜਿਵੇਂ ;

> ...'ਅੱਗੇ ਤੋਂ ਮਿਲਣਾ ਬੰਦ ਕਰ ਦੇਇ। ਮਿਲਣ 'ਚੋਂ ਕੁਝ ਨਹੀਂ ਮਿਲਣਾ।'[23]
>
> ...'ਉਹ ਬੂਹਾ, ਜੋ ਹੁਣੇ-ਹੁਣੇ ਕੰਵਲ ਨੇ ਬੰਦ ਕੀਤਾ ਸੀ, ਉਹ ਬੂਹਾ ਜੋ ਕਦੇ ਉਸ (ਸੀਮਾ) ਨੇ ਆਪ ਬੰਦ ਕੀਤਾ ਸੀ।'[24]
>
> ...'ਵਲਗਣਾ ਵਿਚ ਰਹਿਣਾ ਵੀ ਗੁਨਾਹ ਏ, ਵਲਗਣਾ ਨੂੰ ਟੱਪਣਾ ਵੀ ਗੁਨਾਹ ਏ।'[25]

ਸੁਖਬੀਰ ਕਿਉਂਕਿ ਗਲਪਕਾਰ ਦੇ ਨਾਲ-ਨਾਲ ਇਕ ਕਵੀ ਵੀ ਸੀ। ਇਸ ਕਰਕੇ ਉਸ ਦੀ ਗਲਪਕਾਰੀ ਵਿਚ ਕਾਵਿਕਤਾ ਹੋਣੀ ਸੁਭਾਵਕ ਹੈ। ਅਜਿਹੀ ਕਾਵਿਕ ਗਲਪਕਾਰੀ ਪਾਤਰਾਂ ਦੇ ਮਨੋਭਾਵਾਂ ਦੀ ਦੁਬਿਧਾ ਤੇ ਤਣਾਓ ਦੀ ਪ੍ਰਭਾਵੀ ਚਿੱਤਰਕਾਰੀ ਹੈ। "ਨਾਵਲੀ ਪਾਤਰਾਂ ਦੇ ਵਤੀਰੇ ਤੋਂ ਮਨੋਸਥਿਤੀ ਦੇ ਰਹੱਸ ਨੂੰ ਉਜਾਗਰ ਕਰਨ ਲਈ ਕਾਵਿਮਈ ਪ੍ਰਤੀਕਾਤਮਿਕਤਾ" ਹਮੇਸ਼ਾਂ ਹੀ ਕਾਰਗਰ ਸਿੱਧ ਹੁੰਦੀ ਹੈ।[26] ਨਾਵਲੀ ਭਾਸ਼ਾ ਵਿਚ ਵਿਆਕਰਨ ਚਿੰਨ੍ਹਾਂ ਦੀ ਵਿਸ਼ੇਸ਼ ਬੁਣਤੀ ਹੈ। ਕਈ ਵਾਕ ਸਵਾਲੀਆਂ ਚਿੰਨ੍ਹ ਵਾਲੇ ਹਨ। ਕੁਝ ਡਬਲ ਕੌਮਿਆਂ ਵਿਚ ਵੀ ਹਨ। ਕਿਤੇ-ਕਿਤੇ ਵਾਕਾਂ ਅੱਗੇ ਬਿੰਦੀਆਂ ਦੀ ਵਰਤੋਂ ਹੈ। ਕਿਤੇ ਵਾਕਾਂ ਵਿਚ ਵਿੱਥਾਂ ਵੀ ਹਨ। ਕਿਤੇ-ਕਿਤੇ ਵਿਸਮਿਕ ਚਿੰਨ੍ਹ ਹਨ। ਅਜਿਹੇ ਚਿੰਨ੍ਹ ਪਾਠਕ ਮਨ ਵਿਚ ਕਿਤੇ ਸਵਾਲ ਪੈਦਾ ਕਰਦੇ ਹਨ ਤੇ ਕਿਤੇ ਹੈਰਾਨਗੀ। ਕਿਤੇ ਖਾਲੀ ਥਾਵਾਂ ਪ੍ਰਤੀ ਰੁਕ-ਰੁਕ ਕੇ ਸੋਚਣਾ ਪੈਂਦਾ ਹੈ। ਇਸ ਤਰ੍ਹਾਂ ਅਜਿਹੀ ਕਲਾਕਾਰੀ ਪ੍ਰਤੀ ਪਾਠਕ ਆਪਣੇ ਤੌਰ 'ਤੇ ਆਜ਼ਾਦਾਨਾ ਰੂਪ ਵਿਚ ਸੋਚਦਾ-ਵਿਚਰਦਾ ਹੈ। ਸਪੱਸ਼ਟ ਹੈ ਕਿ ਨਾਵਲਕਾਰ ਪਾਠਕ ਲਈ ਕੋਈ ਸੱਤ-ਬਚਨੀ ਉਪਦੇਸ਼ ਨਹੀਂ ਦੇਂਦਾ ਹੈ, ਸਗੋਂ ਉਹ ਖੁੱਲ੍ਹੇ ਰੂਪ ਵਿਚ ਸੋਚਣ-ਵਿਚਾਰਨ ਦਾ ਅੱਗੇ ਰਸਤਾ ਖੋਲ੍ਹ ਦੇਂਦਾ ਹੈ। ਸਾਹਿਤਕ ਭਾਸ਼ਾ ਦੇ ਅਰਥ ਕੋਈ ਤਰਦਾ ਰੂਪ ਨਹੀਂ ਹੁੰਦੇ ਹਨ। ਇਹ ਸ਼ਬਦ-ਸਿਰਜਣਾ ਦੇ ਵਿਆਕਰਨ ਘੁੰਡ ਅੰਦਰ ਵੀ ਛੁਪੇ ਹੁੰਦੇ ਹਨ।

**ਗਰਦਸ਼** ਮੁਤਾਬਕ ਮਹਾਂਨਗਰ ਇਕ ਦੁਨਿਆਵੀਂ ਸਮੁੰਦਰ ਹੈ। ਜਿਥੇ ਕੰਮ ਵੀ ਹਨ ਤੇ ਬੇਰੁਜ਼ਗਾਰੀ ਵੀ। ਜੀਵਨ ਲਈ ਪਰਿਵਾਰਕ ਬੰਧੇਜ ਵੀ ਹਨ। ਉਸਾਰੂ ਸਾਹਿਤਕ ਨਜ਼ਰੀਏ ਵੀ ਹਨ। ਐਸ਼ੋ-ਇਸ਼ਰਤ ਜਾਂ ਖਾਓ-ਹੰਢਾਓ ਦੇ ਟਿਕਾਣੇ ਵੀ ਹਨ। ਸਰੀਰਕ ਸੁਆਦਾਂ ਵਾਲੇ ਰਸ ਵੀ ਹਨ। ਕਿਸੇ ਲਈ ਪਿਆਰ ਇਕ ਤਾਕਤ ਹੈ ਤੇ ਕਿਸੇ ਲਈ ਭਟਕਣਾ। ਭਾਵਾਂ, ਸੋਚਾਂ ਤੇ ਵਿਚਾਰਾਂ ਦੇ ਵਖਰੇਵੇਂ ਹਨ। ਨਾਲ ਜੀਵਨ ਨੂੰ ਸਾਵਾਂ ਤੇ ਸੰਤੁਲਨ ਬਣਾਉਣ ਵਾਲੀ ਸਾਹਿਤਕ ਤੇ ਪਰਿਵਾਰਕ ਸਮਝ ਵੀ ਹੈ। ਬੰਦਾ ਜ਼ਿਆਦਾਤਰ ਮਹਾਂਨਗਰੀ ਪਰਿਵਾਰਕ ਹਾਲਾਤ ਦੇ ਵੱਸ ਵਿਚ ਹੈ। ਪਰ ਬੰਦੇ ਦੇ ਆਪਣੇ ਨਿੱਜੀ ਵੱਸ ਦੀ ਵੀ ਸਮਰੱਥਾ ਹੈ। ਜੀਵਨ ਵਿਚ ਉਸਾਰੂ ਤੇ ਬੌਧਿਕ ਨਜ਼ਰੀਏ ਦੀ ਤਰਫ਼ਦਾਰੀ ਕੀਤੀ ਗਈ ਹੈ। ਇਸ ਸੁਚੇਤਨਾ ਤਹਿਤ ਹੀ ਪਰਿਵਾਰਕ ਤੇ ਦੰਪਤੀ-ਜੀਵਨ ਨਿਰ-ਵਿਘਨ ਕਾਇਮ ਰਹਿੰਦਾ ਹੈ। ਅਜਿਹੇ ਸਾਰੇ ਅਰਥ-ਸੰਚਾਰ ਲਈ ਕਾਵਿਕ ਕਿਸਮ ਦੀ ਬਿੰਬਾਂ-ਪ੍ਰਤੀਕਾਂ ਵਾਲੀ ਗਲਪੀ ਸ਼ੈਲੀ ਹੈ। ਅਜਿਹੀ ਨਾਵਲੀ ਖ਼ਸਲਤ ਦੇ ਸਿੱਟੇ ਵਜੋਂ ਹੀ ਗਰਦਸ਼ ਨਾਵਲ ਆਪਣੇ ਛਪਣ ਸਮੇਂ ਤੋਂ ਅੱਜ ਤੱਕ ਦੇ ਲੰਮੇ ਅੰਤਰਾਲ ਦੇ ਬਾਵਜੂਦ ਪਾਠਕ ਦੇ ਚੇਤਿਆਂ ਵਿਚ ਜਿਉਂਦੀ ਰਚਨਾ ਹੈ। ਪੰਜਾਬੀ ਨਾਵਲ ਦੇ ਇਤਿਹਾਸ ਵਿਚ ਅਜਿਹੀਆਂ ਜਿਉਂਦੀਆਂ ਰਚਨਾਵਾਂ ਦੀ ਗਿਣਤੀ ਪੋਟਿਆਂ 'ਤੇ ਗਿਣੇ ਜਾਣ ਜੋਗੀ ਹੈ। ਉਂਜ, ਕੋਈ ਵੀ ਕਲਾ-ਕ੍ਰਿਤ ਸਰਬ-ਕਲਾ ਸੰਪੂਰਨ ਨਹੀਂ ਹੁੰਦੀ ਹੈ। ਹਰ ਵਿਸ਼ੇਸ਼ ਰਚਨਾ ਨੂੰ ਵੀ ਕੁਝ ਪੱਖਾਂ ਤੋਂ ਉੱਤਮ ਜਾਂ ਮੁਕੰਮਲ ਹੋਣ ਦੀ ਕੋਸ਼ਿਸ਼ ਦੇ ਸਫ਼ਰ ਵਿਚ ਹੀ ਵੇਖਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਗਰਦਸ਼ ਕੁਝ ਸੀਮਿਤ ਸੀਮਾਵਾਂ ਦੇ ਬਾਵਜੂਦ ਆਪਣੇ ਸਮੇਂ ਦੀ ਵਿਸ਼ੇ ਤੇ ਰੂਪ ਪੱਖੋਂ ਇਕ ਪ੍ਰਭਾਵੀ ਤੇ ਮਹੱਤਵਪੂਰਨ ਰਚਨਾ ਹੈ। ਇਸ ਸੰਬੰਧੀ ਤੱਤ-ਸਾਰ ਜਾਂ ਪ੍ਰਭਾਵ ਇਹ ਹੈ :

- ਮੁੱਖ ਜਾਂ ਕੇਂਦਰੀ ਪਾਤਰ ਦੇ ਸਮੁੱਚੇ ਜੀਵਨ-ਸਫ਼ਰ ਵਿਚੋਂ ਜ਼ਿੰਦਗੀ ਦੇ ਵਿਗੋਚਿਆਂ ਤੇ ਸਮਝੌਤਿਆਂ ਦਾ ਸੱਚ ਉੱਭਰਦਾ ਹੈ।
- ਨਾਵਲੀ ਪਾਤਰ ਜਾਂ ਬੰਦੇ ਲਈ ਸੁਪਨੇ ਲੈਣੇ ਵੀ ਜ਼ਰੂਰੀ ਹਨ। ਇਨ੍ਹਾਂ ਦੀ ਪ੍ਰਾਪਤੀ ਲਈ ਕੀਤੀ ਜੱਦੋ-ਜਹਿਦ ਵਿਚ ਹੀ ਬੰਦੇ ਦੀ ਸ਼ਾਨ ਹੈ। ਪਰ ਸਾਰੀਆਂ ਇੱਛਾਵਾਂ ਦੀ ਸਫ਼ਲਤਾ ਸੰਭਵ ਨਹੀਂ, ਕਿਉਂਕਿ

ਵਿਅਕਤੀ ਦੇ ਮੁਕਾਬਲੇ ਵਿਵਸਥਾ ਵੱਡੀ ਤਾਕਤ ਜਾਂ ਧਿਰ ਹੈ। ਇਸ ਕਰਕੇ ਹਾਰ ਜਾਂ ਸਮਝੌਤੇ ਬੰਦੇ ਨਾਲ ਵਾਪਰੀ ਅਸਲ ਹੋਣੀ ਦਾ ਪ੍ਰਮਾਣ ਹਨ। ਅਜਿਹੇ ਪਾੜੇ ਦੀ ਸਮਝ ਨਾਵਲੀ ਵਿਡੰਬਨਾ ਵੀ ਹੈ ਤੇ ਸੁਚੇਤਨਾ ਵੀ।

- ਨਾਵਲ ਵਿਚੋਂ ਬੰਦੇ ਦੇ ਜੀਣ-ਥੀਣ ਦਾ ਹੋਂਦ ਰੂਪੀ ਵਰਤਾਰਾ ਦੁੱਖ-ਸੁੱਖ ਦੇ ਜਮ੍ਹਾਂ-ਜੋੜ ਵਜੋਂ ਪੇਸ਼ ਹੋਇਆ ਹੈ।
- ਨਾਵਲਕਾਰ ਨੇ (ਸੁਧੀਰ ਪਾਤਰ ਰਾਹੀਂ) ਪ੍ਰਯੋਗਸ਼ੀਲ ਲਹਿਰ ਵਾਲੀ ਔਖੀ ਜਾਂ ਅਬੁੱਝ ਸਾਹਿਤਕਾਰੀ ਉੱਤੇ ਵਿਅੰਗ ਕੀਤਾ ਹੈ।
- ਇਹ ਬੰਦ-ਅੰਤ ਦੇ ਪ੍ਰਭਾਵ ਵਾਲੀ ਸੁਖਾਂਤ-ਕ੍ਰਿਤ ਵੀ ਹੈ, ਪਰ ਨਾਲ ਹੀ ਇਹ ਭਵਿੱਖ ਵਿਚ ਦੰਪਤੀ ਜੀਵਨ ਦਾ ਕਦੇ ਵੀ ਤਵਾਜ਼ਨ ਵਿਗੜ ਜਾਣ ਦੇ ਧੁੜਕੂ ਤੋਂ ਮੁਕਤ ਵੀ ਨਹੀਂ ਹੈ। ਇਸ ਪੱਖ ਤੋਂ ਇਹ ਖੁੱਲ੍ਹੇ ਮੁਸ਼ਾਹਦੇ ਦੇ ਪ੍ਰਭਾਵ ਤੋਂ ਮਨਫ਼ੀ ਰਚਨਾ ਵੀ ਨਹੀਂ ਹੈ।
- ਸੁਖਬੀਰ ਦੀ ਆਪਣੀ ਪੁਜੀਸ਼ਨ ਜਾਂ ਨਾਵਲੀ-ਦ੍ਰਿਸ਼ਟੀ ਦੰਪਤੀ-ਜੀਵਨ ਦੀ ਮਾਣ-ਮਰਯਾਦਾ ਕਾਇਮ ਰੱਖਣ ਨਾਲ ਖਲੋਤੀ ਨਜ਼ਰ ਆਉਂਦੀ ਹੈ। ਇਹ ਨਾਵਲੀ ਥੀਮ ਵਿਚੋਂ ਉਪਜਿਆ ਘੋਟਵੇਂ ਸੱਚ ਹੈ, ਨਾ ਕਿ ਕੋਈ ਸਿੱਧਾ ਫ਼ਰਮਾਨ।
- ਇਹ ਨਾਵਲ ਮਹਾਂਨਗਰੀ ਯਥਾਰਥ ਦਾ ਸਿੱਧੜ ਨਹੀਂ, ਰਲਦਾ-ਮਿਲਦਾ ਗਲਪੀ ਰੂਪ ਹੈ।
- ਨਾਵਲ ਦੇ ਨਾਮਕਰਨ ਦੁਆਲੇ ਹੀ ਸਮੁੱਚਾ ਨਾਵਲੀ ਬਿਰਤਾਂਤ ਘੁੰਮਦਾ ਹੈ। ਇਸ ਕਰਕੇ ਨਾਵਲ ਦਾ ਨਾਮ ਬਹੁਤ ਢੁੱਕਵਾਂ ਹੈ।
- ਨਾਵਲ ਦੀ ਛੋਟੀ-ਛੋਟੀ ਚੁਸਤ ਵਾਕ-ਬਣਤਰ ਹੈ। ਇਸ ਵਿਚ ਕੋਈ ਵਾਧੂ ਵਿਸਥਾਰ ਨਹੀਂ ਹੈ।
- ਨਾਵਲੀ ਭਾਸ਼ਾ ਦੀ ਵਿਆਕਰਨ ਬੁਣਤੀ ਦੀਆਂ ਪਾਠਕ ਮਨ ਲਈ ਅਨੇਕਾਂ ਖੁੱਲ੍ਹੀਆਂ ਰਮਜ਼ਾਂ ਹਨ।
- ਸੁਖਬੀਰ ਰਮਜ਼ ਭਰੀ ਲਖਸ਼ਣਾ ਰੂਪੀ ਪ੍ਰਤੀਕਾਤਮਿਕ ਕਾਵਿਕ ਸ਼ੈਲੀ ਵਾਲਾ ਵਿਲੱਖਣ ਨਾਵਲਕਾਰ ਹੈ।
- ਨਾਵਲੀ ਪਾਤਰ ਆਪਣੇ ਨਾਮ ਮੁਤਾਬਕ ਅਨਓਕਤੀ ਮੂਲਕ ਵਿਹਾਰ ਵਾਲੇ ਹਨ। ਕੁਝ ਗਤੀਸ਼ੀਲ (ਜਾਂ ਗੋਲ) ਪਾਤਰ ਹਨ। ਗੁਲਸ਼ਨ ਵਰਗੇ ਕੁਝ ਅਬਦਲ ਰੂਪੀ ਚਪਟੇ ਪਾਤਰ ਵੀ ਹਨ। ਇਨ੍ਹਾਂ ਸਾਰੇ ਮੁੱਖ ਪਾਤਰਾਂ ਦੀ ਪਾਠਕ ਮਨ ਉੱਤੇ ਛਾਪ ਕਾਇਮ ਰਹਿੰਦੀ ਹੈ।
- ਕੁਝ ਪਾਤਰ ਬੇਨਾਮ ਵਿਅਕਤੀਆਂ ਵਾਂਗ ਇਕ ਸ਼ਹਿਰੀ ਭੀੜ ਵਜੋਂ ਹੀ ਪੇਸ਼ ਹੋਏ ਹਨ।
- ਨਾਵਲੀ ਬਿਰਤਾਂਤ ਲਕੀਰੀ ਨਹੀਂ, ਉਲਟਾ-ਪੁਲਟਾ ਦੀ ਕੱਸਵੀਂ ਸਾਹਿਤਕ ਗੋਂਦ ਵਜੋਂ ਪੇਸ਼ ਹੋਇਆ ਹੈ।
- ਸੁਖਬੀਰ ਸੋਧ-ਸੁਧਾਈ (ਭਾਵ ਐਡਟਿੰਗ) ਵਿਚ ਵਿਸ਼ਵਾਸ ਰੱਖਣ ਵਾਲਾ ਨਾਵਲਕਾਰ ਹੈ। ਇਸ ਦੇ ਸਿੱਟੇ ਵਜੋਂ ਉਹ ਸਹਿਜਭਾਵੀ ਵਤੀਰੇ ਨਾਲ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਵਾਉਂਦਾ ਹੈ।
- ਇਸ ਨਾਵਲ ਵਿਚ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਰਗਾ ਕੋਈ ਸਿੱਧਾ ਵਿਖਿਆਨ ਜਾਂ ਉਪਦੇਸ਼ ਨਹੀਂ ਹੈ।
- ਨਾਨਕ ਸਿੰਘ ਤੇ ਕੰਵਲ ਪਰੰਪਰਾ ਦੇ ਨਾਵਲਾਂ ਵਿਚ ਕਿੱਸਾ-ਕਾਵਿ ਪਰੰਪਰਾ ਵਾਲੀ ਕੋਈ ਵੱਡੀ ਪ੍ਰੇਮ ਕਹਾਣੀ ਗਰਦਸ਼ ਵਿਚ ਨਹੀਂ ਹੈ। ਸੁਖਬੀਰ ਪਿਆਰ ਭਾਵਾਂ ਨੂੰ ਆਪੋ-ਆਪਣੀਆਂ ਸੀਮਾਵਾਂ ਮੁਤਾਬਕ ਸਮੇਟ ਕੇ ਰੱਖਣ ਦੇ ਸਨੇਹੇ ਵਾਲਾ ਨਾਵਲਕਾਰ ਹੈ।
- ਸੁਖਬੀਰ ਅਜੋਕੇ ਮਨੁੱਖ ਦੀ ਕਿਸੇ ਕਿਸਮ ਦੀ ਸੂਰਬੀਰਤਾ ਦੇ ਗੌਰਵ ਨੂੰ ਨਹੀਂ; ਸਗੋਂ ਸਾਧਾਰਨ ਪਾਤਰਾਂ ਦੀ ਸਾਧਾਰਨਤਾ ਨੂੰ ਪ੍ਰਗਟਾਉਣ ਵਾਲਾ ਨਾਵਲਕਾਰ ਹੈ। ਸੁਖਬੀਰ ਦੇ ਪਾਤਰ ਆਦਰਸ਼ਵਾਦੀ ਨਹੀਂ ਹਨ।
- ਗਰਦਸ਼ ਦੀ ਸਮੁੱਚੀ ਪੇਸ਼ਕਾਰੀ ਨਾ ਰੁਮਾਂਚਿਕ ਹੈ, ਨਾ ਰੁਮਾਂਟਿਕ। ਰੁਮਾਂਚਿਕਤਾ ਦਾ ਸੰਬੰਧ ਨਾਵਲ ਦੀਆਂ ਘਟਨਾਵਾਂ ਦੀ ਬਣਤਰ ਨਾਲ ਹੁੰਦਾ ਹੈ ਤੇ ਰੁਮਾਂਟਕਿਤਾ ਦਾ ਸੁਭਾਅ ਪਾਤਰਾਂ ਦੇ ਸੁਭਾਅ ਨਾਲ।
- ਗੁਰਦਿਆਲ ਸਿੰਘ ਦੇ ਵਧੇਰੇ ਨਾਵਲਾਂ ਵਿਚ ਜਿਵੇਂ ਸਮਾਜ ਦੀਆਂ ਕਠੋਰ ਪ੍ਰਸਥਿਤੀਆਂ ਦੀ ਜਕੜ ਤੋਂ ਉਪਜੇ ਦੁਖਾਂਤ ਕਾਰਨ ਨਿਰਾਸ਼ਾ-ਬੋਧ ਉਤਪੰਨ ਹੁੰਦਾ ਹੈ, ਤਿਵੇਂ ਦੀ ਸਥਿਤੀ ਸੁਖਬੀਰ ਦੇ ਨਾਵਲਾਂ ਦੀ ਨਹੀਂ ਹੈ। ਸੁਖਬੀਰ ਦੇ ਪਾਤਰਾਂ ਲਈ ਆਪਣੀਆਂ ਸਮੱਸਿਆਵਾਂ ਦੇ ਸੁਲਝ ਜਾਣ ਜਾਂ ਇਨ੍ਹਾਂ ਦੇ ਕਿਸੇ ਹੱਦ ਤੱਕ ਠੀਕ ਹੋ ਜਾਣ ਦੀ ਆਸ਼ਾਭਾਵੀ ਸੰਭਾਵਨਾ ਵੀ ਬਣੀ ਰਹਿੰਦੀ ਹੈ।
- ਸੁਰਜੀਤ ਸਿੰਘ ਸੇਠੀ ਤੇ ਨਿਰੰਜਣ ਤਸਨੀਮ ਦੇ ਵਧੇਰੇ ਨਾਵਲ ਜਿਥੇ ਵਿਧਾ ਦੇ ਪੱਖੋਂ ਤੋਂ ਨਵੇਂ ਪ੍ਰਯੋਗ ਹਨ, ਉਥੇ ਸੁਖਬੀਰ ਕਿਸੇ ਤਰ੍ਹਾਂ ਦੇ ਪੱਛਮੀ ਕਿਸਮ ਦੇ ਬਾਹਰੀ ਵਿਧੀ-ਵਿਧਾਨ ਦਾ ਪਿਛਲੱਗ ਨਹੀਂ


**www.sanvad.org**
ISSN : 2395-1273

ਹੈ। ਸੁਖਬੀਰ ਦੇ ਨਾਵਲਾਂ ਦੀਆਂ ਕਥਾ-ਰੂੜ੍ਹੀਆਂ ਸਾਡੀ ਆਪਣੀ ਸਾਹਿਤਕ ਪਰੰਪਰਾ ਨਾਲ ਜੁੜੀਆਂ ਹੋਈਆਂ ਹਨ।

- ਪੰਜਾਬੀ ਨਾਵਲ ਦੇ ਇਤਿਹਾਸ ਵਿਚ ਕੁਝ ਹੋਰ ਨਾਵਲਾਂ ਵਾਂਗ ਗਰਦਸ਼ ਵੀ ਆਪਣੀਆਂ ਕਈ ਵਿਸ਼ੇਸ਼ਤਾਵਾਂ ਕਾਰਨ ਇਕ ਵਿਲੱਖਣ ਤੇ ਯਾਦਗਾਰੀ ਰਚਨਾ ਹੈ।

## ਹਵਾਲੇ ਤੇ ਟਿੱਪਣੀਆਂ


1. ਡਾ. ਰਮਿੰਦਰ ਕੌਰ, **ਸ਼ਹਿਰੀ ਸਭਿਆਚਾਰ ਤੇ ਪੰਜਾਬੀ ਨਾਵਲ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002, ਪੰਨਾ 90.
2. **ਗਰਦਸ਼**, ਆਰਸੀ ਪਬਲੀਕੇਸ਼ਨਜ਼, ਦਿੱਲੀ, 2002, ਪੰਨਾ 13.
3. ਉਹੀ, ਪੰਨਾ 09.
4. ਉਹੀ, ਪੰਨਾ
5. ਉਹੀ, ਪੰਨਾ 11.
6. ਉਹੀ, ਪੰਨਾ 123.
7. ਉਹੀ, ਪੰਨਾ 175.
8. ਉਹੀ, ਪੰਨਾ 169.
9. ਉਹੀ, ਪੰਨਾ 171.
10. ਵਿਸਥਾਰ ਲਈ ਵੇਖੋ, ਡਾ. ਜੋਗਿੰਦਰ ਸਿੰਘ ਰਾਹੀ, **ਪੰਜਾਬੀ ਨਾਵਲ**, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2006, ਪੰਨਾ 21.
11. **ਗਰਦਸ਼**, ਉਹੀ, ਪੰਨਾ 95.
12. ਉਹੀ, ਪੰਨਾ 97.
13. ਉਹੀ, ਪੰਨਾ 184-185.
14. ਉਹੀ, ਪੰਨਾ 95.
15. ਉਹੀ, ਪੰਨਾ 208.
16. ਡਾ. ਜੋਗਿੰਦਰ ਸਿੰਘ ਰਾਹੀ, **ਜੱਗ ਬੀਤੀ ਹੱਢ ਬੀਤੀ**, (ਸੰਪ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1973, ਪੰਨਾ 102.
17. **ਗਰਦਸ਼**, ਪੰਨਾ 108.
18. ਉਹੀ, ਪੰਨਾ 177.
19. ਉਹੀ, ਪੰਨਾ ਨੰ. 17.
20. ਹਰਦਰਸ਼ਨ ਸਿੰਘ, **ਪੰਜਾਬੀ ਨਾਵਲ ਵਿਚ ਨਾਇਕ ਦਾ ਵਿਗਠਨ**, ਪੰਜਾਬੀ ਰਾਈਟਰਜ਼ ਕੋਪਰੇਟਿਵ ਸੋਸਾਇਟੀ ਲਿਮਿਟਡ, ਅੰਮ੍ਰਿਤਸਰ, 1981, ਪੰਨਾ 146.
21. ਵਿਸਥਾਰ ਲਈ ਵੇਖੋ, ਡਾ. ਜੋਗਿੰਦਰ ਸਿੰਘ ਰਾਹੀ, **ਪੰਜਾਬੀ ਨਾਵਲ**, ਪੰਨਾ 193.
22. **ਗਰਦਸ਼**, ਪੰਨਾ 29.
23. ਉਹੀ ਪੰਨਾ 67-68.
24. ਉਹੀ, ਪੰਨਾ 174.
25. ਉਹੀ, ਪੰਨਾ 196.
26. ਡਾ. ਜੋਗਿੰਦਰ ਸਿੰਘ ਰਾਹੀ, 'ਸੁਖਬੀਰ ਦੀ ਨਾਵਲ ਕਲਾ', **ਪ੍ਰੀਤਲੜੀ**, ਪੰਨਾ 39.


✧